# LAAJ



## GIANI SOHAN SINGH SITAL

Sri Satguru Jagjit Singh Ji eLibrary NamdhariElibrary@gmail.com

ਸਭ ਹਕ ਕਰਤਾ ਦੇ ਰਾਖਵੇਂ ਹਨ।

# ਲਾਜ

## (ਫ਼ਿਲਮੀ ਡਰਾਮਾ)

ਗਿਆਨੀ ਸਰੂਪ ਸਿੰਘ ਕਡਿਆਣਾ
★ ਪੰਥਕ ★
ਢਾਡੀ ਜੱਥਾ
98150-03075
ਪਿੰਡ ਕਡਿਆਣਾ ਤਹਿ: ਫਿਲੌਰ (ਜਲੰਧਰ)

ਟ੍ਰੇ. ਮਾ. ਰਜਿਸ. ਨੰ. ੧੦੦੬੦੪

ਲੇਖਕ

## ਗਿਆਨੀ ਸੋਹਣ ਸਿੰਘ "ਸੀਤਲ"

ਕਰਤਾ:–ਸਿੱਖਰਾਜ ਕਿਵੇਂ ਗਿਆ ? 'ਸੀਤਲ ਕਿਰਣਾਂ' ਆਦਿ

ਮਿਲਨ ਦੇ ਪਤੇ

੧. ਗੁਰਮਤ ਸਾਹਿਤ ਭਵਨ, ਮਾਈ ਸੇਵਾਂ, ਅੰਮ੍ਰਿਤਸਰ
੨. ਸੀਤਲ ਪੁਸਤਕ ਭੰਡਾਰ, ਚੌੜਾ ਬਾਜ਼ਾਰ, ਲੁਧਿਆਣਾ

ਚੋਰਾਂ ਤੋਂ ਬਚੋ। ਅਸਲੀ ਮਾਲ ਖ਼ਰੀਦਣ ਲਗੇ ਟ੍ਰੇਡ ਮਾਰਕ ਰਜਿਸਟਰਡ ਨੰ: ੧੦੦੬੦੪ ਵੇਖ ਲਿਆ ਕਰੋ।

ਪਹਿਲੀ ਵਾਰ Revised Price Rs 15.00 ।।। = )

Sri Satguru Jagjit Singh Ji eLibrary NamdhariElibrary@gmail.com

ਪ੍ਰਕਾਸ਼ਕ—ਕਰਤਾ— ਗਿ. ਸੋਹਣ ਸਿੰਘ 'ਸੀਤਲ'

ਮਾਲਕ:— ਸੀਤਲ ਪੁਸਤਕ ਭੰਡਾਰ,

ਚੌੜਾ ਬਾਜ਼ਾਰ, ਲੁਧਿਆਣਾ ।

ਗਿਆਨੀ ਸਰੂਪ ਸਿੰਘ ਕੜਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)

ਪਹਿਲੀ ਵਾਰ, ਮਾਰਚ, ੧੯੫੧ ਈ.

www.archive.org/details/namdhari

ਸੀਤਲ ਪ੍ਰੈਸ, ਚੌੜਾ ਬਾਜ਼ਾਰ, ਲੁਧਿਆਣਾ ਵਿਚ
ਗਿਆਨੀ ਸੋਹਣ ਸਿੰਘ 'ਸੀਤਲ' ਦੇ ਪ੍ਰਬੰਧ ਨਾਲ ਛਪੀ ।

Sri Satguru Jagjit Singh Ji eLibrary NamdhariElibrary@gmail.com

# ਮੁਢਲੀ ਬੇਨਤੀ

ਪੰਜਾਬੀ ਪਾਠਕਾਂ ਦੀ ਸੇਵਾ ਵਿਚ ਇਹ ਨਵੀਂ ਚੀਜ਼ ਭੇਟਾ ਕਰ ਰਿਹਾ ਹਾਂ। ਪੰਜਾਬੀ ਸਾਹਿਤ ਵਿਚ ਨਾਵਲ, ਛੋਟੀ ਕਹਾਣੀ, ਨਾਟਕ ਤੇ ਇਕਾਂਗੀ ਦਾ ਰਵਾਜ ਅੱਗੇ ਹੈ। ਜਿਸਤਰ੍ਹਾਂ ਉਪਰ ਲਿਖੀਆਂ ਚਾਰੇ ਚੀਜ਼ਾਂ ਆਪਣੀ ਹੋਂਦ ਤੇ ਬਣਤਰ ਵਿਚ ਵਖੋ ਵਖ ਹਨ, ਓਸ ਤਰ੍ਹਾਂ 'ਫ਼ਿਲਮੀ ਡਰਾਮਾ' ਆਪਣੀ ਬਣਤਰ ਵਿਚ ਵਖਰਾ ਵਜੂਦ ਰਖਦਾ ਹੈ। ਨਾਟਕ, ਇਕਾਂਗੀ ਤੇ 'ਫ਼ਿਲਮੀ ਡਰਾਮਾ' ਵਿਖਾਈਆਂ (ਖੇਡੀਆਂ) ਜਾਣ ਵਾਲੀਆਂ ਚੀਜ਼ਾਂ ਹਨ। ਬਾਕੀ ਬੋਲੀਆਂ ਵਿਚ ਇਹਨਾਂ ਦੇ ਪੜ੍ਹਨ ਦਾ ਰਵਾਜ ਵੀ ਹੈ। ਪੜ੍ਹਨ ਦਾ ਸਵਾਦ ਤਦ ਹੀ ਆ ਸਕਦਾ ਹੈ, ਜੇ ਪਾਠਕ ਆਪਣੇ ਆਪ ਨੂੰ ਪਰਦੇ ਦੇ ਸਾਮ੍ਹਣੇ ਬੈਠਾ ਸਮਝ ਕੇ ਪੜ੍ਹੇ।

ਜੇ ਇਹ ਨਿਮਾਣਾ ਯਤਨ ਸਫ਼ਲ ਹੋ ਗਿਆ, ਤਾਂ ਇਸ ਲੜੀ ਵਿਚ ਹੋਰ ਡਰਾਮੇ ਛਾਪਣ ਦਾ ਵੀ ਯਤਨ ਕੀਤਾ ਜਾਵੇਗਾ।

ਲੁਧਿਆਣਾ
੧੧-੩-੫੧

ਗਿਆਨੀ ਸੋਹਣ ਸਿੰਘ
'ਸੀਤਲ'

Sri Satguru Jagjit Singh Ji eLibrary NamdhariElibrary@gmail.com

## ਭੇਟਾ

ਉਸ ਹਰ ਛੋਟੇ-ਵੱਡੇ
ਲਿਖਾਰੀ ਨੂੰ
ਜਿਸਨੇ
ਪੰਜਾਬੀ-ਸਾਹਿਤ ਦਾ
ਭੰਡਾਰ ਭਰਨ ਲਈ
ਕੁਛ ਵੀ ਲਿਖਿਆ ਹੈ।

'ਸੀਤਲ'

agjit Singh Ji eLibrary NamdhariElibrary@

# ਸੀਨ:—੧

ਸਮਾਂ—ਰਾਤ  ਥਾਂ—ਮੇਲਾ।  ਪਾਤਰ—ਲਾਜ, ਰੋਜ਼ਲ, ਸੁਮਿਤਰਾਂ, ਨੰਦ ਕਸ਼ੋਰ

ਮੇਲੇ ਦੀ ਭੀੜ, ਬਾਜ਼ਾਰ ਵਿਚ ਦੋਹੀਂ ਪਾਸੀਂ ਦੁਕਾਨਾਂ ਹਨ। ਇਕ ਦਰਖਤ ਦੇ ਲਾਗੇ ਪਾਟੀਆਂ ਹੋਈਆਂ ਲੀਰਾਂ ਵਿਚ ਖਲੀ 'ਲਾਜ' ਗਾਉਂਦੀ ਏ। ਖੱਬਾ ਹੱਥ ਹੇਠਾਂ ਪਲਮ ਰਿਹਾ ਏ, ਤੇ ਸੱਜਾ ਸਾਮ੍ਹਣੇ ਮੰਗਣ ਵਾਸਤੇ ਫੈਲਾਇਆ ਹੈ। ਉਮਰ ਛੋਟੀ।

ਗਾਣਾ— ਤੇਰੀ——ਦੁਨੀਆਂ !

ਦੁਨੀਆਂ ਦਾ ਮੇਰੇ ਰਾਮ ਜੀ ! ਇਹ ਹਾਲ ਕਿਉਂ ਹੈ ?
ਦੁਨੀਆਂ ਦਾ ਮੇਰੇ ਰਾਮ ਜੀ ! ਇਹ ਹਾਲ ਕਿਉਂ ਹੈ ?
ਜਦ ਕਰਤਾ ਤੂੰ ਹੀ ਆਪ ਹੈਂ, ਸਭ ਤੇਰੀ ਹੈ ਮਾਇਆ
ਜਦ ਆਪਣਾ ਹੀ ਇਹ ਰੂਪ ਤੂੰ ਇਨਸਾਨ ਬਣਾਇਆ
(ਤਾਂ ਫਿਰ)
ਇਕ ਕ੍ਰੋੜਪਤੀ, ਦੂਸਰਾ ਕੰਗਾਲ ਕਿਉਂ ਹੈ ?
ਦੁਨੀਆਂ ਦਾ ਮੇਰੇ ਰਾਮ ਜੀ ਇਹ ਹਾਲ ਕਿਉਂ ਹੈ ?
ਇਕਨਾ ਦੇ ਘਰੀਂ ਮਿਹਰ ਦਾ ਨਿਤ ਮੀਂਹ ਵਰਸਦਾ
ਇਕ ਭੀਖ-ਮੰਗਾ ਦਰ ਦਰ ਰੋਟੀ ਨੂੰ ਤਰਸਦਾ
ਬਖ਼ਸ਼ਸ਼ 'ਚ ਭਲਾ ਕਿਸਮਤ ਦਾ ਸਵਾਲ ਕਿਉਂ ਹੈ ?
ਦੁਨੀਆਂ ਦਾ ਮੇਰੇ ਰਾਮ ਜੀ ਇਹ ਹਾਲ ਕਿਉਂ ਹੈ ?

Sri Satguru Jagjit Singh Ji eLibrary NamdhariElibrary@gmail.com

ਇਕ ਕਾਰਾਂ 'ਤੇ ਚੜ੍ਹਦੇ ਤੇ ਸਦਾ ਰੇਸ਼ਮ ਹਨ ਪਾਉਂਦੇ
ਇਕ ਪਾਟੀਆਂ ਲੀਰਾਂ ਦੇ ਕਫ਼ਨ ਜਿਉਂਦੇ ਜੀ ਹੰਡਾਉਂਦੇ
ਤਕਦੀਰ ਦੇ ਮਾਲਕ! ਇਹ ਤੇਰੀ ਚਾਲ ਕਿਉਂ ਹੈ?
ਦੁਨੀਆਂ ਦਾ ਮੇਰੇ ਰਾਮ ਜੀ! ਇਹ ਹਾਲ ਕਿਉਂ ਹੈ?

ਇਕ ਦੋ ਲੰਘਣ ਵਾਲੇ ਲਾਜ ਦੇ ਹੱਥ ਉੱਤੇ ਪੈਸਾ ਪੈਸਾ ਰੱਖ ਜਾਂਦੇ ਨੇ। ਬਾਜ਼ਾਰ ਵਿਚ ਇਕ ਪਾਸਿਉਂ ਤਾਂਗਾ ਆ ਰਿਹਾ ਏ ਤੇ ਇਕ ਪਾਸਿਉਂ ਰਾਏ ਬਹਾਦਰ ਨੰਦ ਕਸ਼ੋਰ ਦੀ ਕਾਰ। ਕਾਰ ਨੰਦ ਕਸ਼ੋਰ ਆਪ ਚਲਾ ਰਿਹਾ ਏ। ਉਸਦੇ ਖੱਬੇ ਹੱਥ ਸੁਮਿਤਰਾਂ ਬੈਠੀ ਏ। ਮਗਰਲੀ ਸੀਟ 'ਤੇ ਕੌਸ਼ਲ (ਛੋਟੀ ਉਮਰ) ਬੈਠਾ ਏ। ਕਾਰ ਲਾਜ ਦੇ ਕੋਲ ਆਕੇ ਰੁਕਦੀ ਏ, ਤਾਂਗੇ ਦਾ ਘੋੜਾ ਡਰਕੇ ਡਿਗ ਪੈਂਦਾ ਏ ਤੇ ਰਸਤਾ ਰੁਕ ਜਾਂਦਾ ਏ, ਲਾਜ ਅਜੇ ਗਾ ਰਹੀ ਏ, ਕੌਸ਼ਲ ਕਾਰ 'ਚੋਂ ਉਤਰਕੇ ਲਾਜ ਦੇ ਕੋਲ ਜਾ ਖਲੋਂਦਾ ਏ। ਸੁਮਿਤਰਾਂ ਤੇ ਕੌਸ਼ਲ ਲਾਜ ਵੱਲ ਵੇਖ ਰਹੇ ਨੇ

ਲਾਜ:-ਦਾਤੇ ਤੇ ਭਿਖਾਰੀ ਦੀ ਪੂਕ ਦੁਨੀਆਂ ਇਹ ਮਿਟਾਦੇ
ਭਗਵਾਨ! ਤੂੰ ਇਨਸਾਨ ਨੂੰ ਇਨਸਾਨ ਬਨਾਦੇ
ਹੁੰਦਿਆਂ ਇਹ ਤੇਰੇ ਭੇਦ ਇਹ ਜੰਜਾਲ ਕਿਉਂ ਹੈ?
ਦੁਨੀਆਂ ਦਾ ਮੇਰੇ ਰਾਮ ਜੀ! ਇਹ ਹਾਲ ਕਿਉਂ ਹੈ?

ਕੌਸ਼ਲ ਪਤਲੂਨ ਦੀ ਜੇਬ ਵਿਚੋਂ ਰੁਪੈ ਦਾ ਨੋਟ ਕਢਕੇ ਲਾਜ ਦੇ ਹੱਥ 'ਤੇ ਰਖ ਦੇਂਦਾ ਹੈ। ਲਾਜ ਪਹਿਲਾਂ ਨੋਟ ਵੱਲ ਤੇ ਫੇਰ ਕੌਸ਼ਲ ਵੱਲ ਧਨਵਾਦੀ ਨਿਗ੍ਹਾ ਨਾਲ ਵੇਖਦੀ ਏ। ਸੁਮਿਤਰਾਂ ਇਹ ਵੇਖ ਰਹੀ ਏ ਉਹ ਹੱਥ ਨਾਲ ਇਸ਼ਾਰਾ ਕਰਕੇ ਲਾਜ ਨੂੰ ਬੁਲਾਉਂਦੀ ਏ

ਸੁਮਿਤਰਾਂ - ਉਰ੍ਹਾਂ ਆ।

ਲਾਜ ਡਰਦੀ ਡਰਦੀ ਕੋਲ ਆਕੇ, ਨੋਟ ਵਾਲਾ ਹੱਥ ਅ...

Sri Satguru Jagjit Singh Ji eLibrary NamdhariElibrary@gmail.com

ਵਧਾਕੇ ਬਿੜਕਦੀ ਵਾਜ ਵਿਚ ਕਹਿੰਦੀ ਏ

ਲਾਜ – ਨਹੀਂ, ਮੈਂ-ਮੈਂ ਮੰਗਿਆ ਤਾਂ ਨਹੀਂ ਸੀ। ਉ-ਉਹਨਾਂ ਆਪੇ ਦਿਤਾ ਏ।

ਲਾਜ ਨੋਟ ਸੁਮਿਤਰਾਂ ਦੀ ਝੋਲੀ ਵਿਚ ਰਖ ਦੇਂਦੀਏ। ਸੁਮਿਤਰਾਂ ਸੱਜੇ ਹੱਥ ਨਾਲ ਨੋਟ ਫੜਕੇ ਤੇ ਖੱਬਾ ਹੱਥ ਬਾਹਰ ਵਧਾਕੇ । ਨੰਦ ਕਸ਼ੋਰ ਵੀ ਵੇਖ ਰਿਹਾ ਏ।

ਸੁਮਿਤਰਾਂ:– ਮੈਂ ਨਾਰਾਜ਼ ਤਾਂ ਨਹੀਂ, ਬੇਟੀ! ਆਹ ਲੈ।

ਨੋਟ ਉਸਨੂੰ ਫੜਾ ਦੇਂਦੀ ਏ ਤੇ ਖੱਬਾ ਹੱਥ ਪਿਆਰ ਨਾਲ ਉਹਦੇ ਮੋਢੇ 'ਤੇ ਫੇਰਦੀ ਏ। ਕੌਸ਼ਲ ਕੋਲ ਖਲਾ ਏ।

ਸੁਮਿਤਰਾਂ:– ਕੀ ਨਾਂ ਏ ਤੇਰਾ?

ਲਾਜ:– ਲਾਜ।

ਸੁਮਿਤਰਾਂ:– ਲਾਜ? (ਹਉਕਾ ਭਰਕੇ) ਉਹ! ਮੇਰੀ ਮਰਨ ਵਾਲੀ ਦਾ ਨਾਂ ਵੀ ਲਾਜ ਸੀ।

ਕੌਸ਼ਲ:– ਮਾਂ! ਇਹ ਆਪਣੀ ਲਾਜ ਏ? ਤੁਸੀਂ ਤਾਂ ਕਹਿੰਦੇ ਸੀ, ਉਹ ਮਰ ਗਈ ਏ।

ਸੁਮਿਤਰਾਂ ਦੇ ਹੰਝੂ ਕਿਰਦੇ ਨੇ। ਲਾਜ ਕਦੇ ਉਹਦੇ ਵੱਲ ਤੇ ਕਦੇ ਕੌਸ਼ਲ ਵੱਲ ਵੇਖਦੀ ਏ।

ਸੁਮਿਤਰਾਂ:– ਕੌਣ ਹੁੰਦੀਏਂ ਤੂੰ?

ਲਾਜ:– ਕੁੜੀ।

ਸੁਮਿਤਰਾਂ ਤੇ ਨੰਦ ਕਸ਼ੋਰ ਇਕ ਦੂਜੇ ਵੱਲ ਵੇਖਕੇ ਥੋੜਾ ਜਿਹਾ ਮੁਸਕਾਉਂਦੇ ਨੇ। ਪਰ ਉਦਾਸੀ ਕਾਇਮ ਹੈ।

ਸੁਮਿਤਰਾਂ:– ਤੇਰੇ ਮਾਂ ਪਿਉ ਕਿਥੇ ਨੇ?

ਲਾਜ:– ਉਹ ਮਰ ਗਏ। (ਫਿਰ ਨੰਦ ਵਲ ਵੇਖਕੇ) ਹੁਣ ਤੁਸੀਂ ਮਾਪੇ

Sri Satguru Jagjit Singh Ji eLibrary NamdhariElibrary@gmail.com

ਕੌਸ਼ਲ:- (ਮਾਂ ਦੀ ਬਾਂਹ ਫੜਕੇ) ਮਾਂ! ਆਪਾਂ ਇਹਨੂੰ ਨਾਲ ਲੈ ਚਲੀਏ ਖਾਂ! ਇਹਨੂੰ ਆਪਣੀ ਲਾਜ ਬਣਾ ਲਵਾਂਗੇ।

ਸੁਮਿਤਰਾਂ:- (ਅੱਖੀਂ ਭਰਕੇ) ਤੂੰ ਸਾਡੇ ਨਾਲ ਚਲਣਾ ਚਾਹੁੰਦੀ ਏਂ? ਮੈਂ ਤੈਨੂੰ ਧੀ ਬਣਾ ਲਵਾਂਗੀ।

ਕੌਸ਼ਲ:- (ਲਾਜ ਨੂੰ ਬਾਹੋਂ ਫੜਕੇ ਹਿਲਾਕੇ) ਆਖ: 'ਹਾਂਹੇ। ਮੈਂ ਤੈਨੂੰ ਸੋਹਣੇ ਕਪੜੇ ਤੇ ਮੂਰਤਾਂ ਵਾਲੀਆਂ ਕਿਤਾਬਾਂ ਦਿਆ ਕਰਾਂਗਾ।

ਲਾਜ 'ਹਾਂ' ਵਿਚ ਸਿਰ ਹਿਲਾਉਂਦੀ ਏ। ਸੁਮਿਤਰਾਂ ਨੰਦ ਕਸ਼ੋਰ ਵੱਲ ਪ੍ਰਸ਼ਨ ਭਰੀ ਨਿਗ੍ਹਾ ਨਾਲ ਵੇਖਦੀ ਏ।

ਨੰਦ ਕਸ਼ੋਰ:- ਜਿਵੇਂ ਤੇਰੀ ਇਛਿਆ। ਇਸਤਰ੍ਹਾਂ ਤੇਰਾ ਗ਼ਮ ਕੁਝ ਘੱਟ ਹੋ ਜਾਏ, ਤਾਂ ਮੈਨੂੰ ਕੋਈ ਉਜ਼ਰ ਨਹੀਂ।

ਕੌਸ਼ਲ ਲਾਜ ਨੂੰ ਖਿਚਕੇ ਕਾਰ ਵਿਚ ਨਾਲ ਬਿਠਾ ਲੈਂਦਾ ਏ। ਏਨੇ ਨੂੰ ਤਾਂਗਾ ਅਗੋਂ ਪਾਸੇ ਹੋ ਜਾਂਦਾ ਏ ਤੇ ਕਾਰ ਤੁਰ ਪੈਂਦੀ ਏ। ਕਾਰ ਮੇਲੇ ਚੋਂ ਵਿਚਦੀ ਜਾ ਰਹੀ ਏ।

**Cut**

## ਸੀਨ ੨

*Cut to cut*

ਸਮਾ- ਦਿਨ ਥਾਂ- ਜੇਲ੍ਹ ਪਾਤਰ- ਸੁਖ., ਸ਼ਾਮੂ, ਮੰਨੂੰ, ਸੁਭਦਰਾ

ਜੇਲ੍ਹ ਦੀ ਮੁਲਾਕਾਤ ਦੀ ਕੋਠੜੀ। ਸ਼ਾਮੂ ਹਥਕੜੀਆਂ ਤੇ ਬੇੜੀਆਂ ਵਿਚ ਸੀਖਾਂ ਤੋਂ ਅੰਦਰਵਾਰ ਹੈ ਤੇ ਬਾਕੀ ਬਾਹਰ।

ਸੁਖਵਿ.:- ਸ਼ਾਮੂੰ! ਮੈਨੂੰ ਬੜਾ ਅਫਸੋਸ ਹੈ, ਕਿ ਮੈਂ ਹਜ਼ਾਰਾਂ ਰੁਪੈ ਖਰਚ ਕਰਕੇ ਵੀ ਤੈਨੂੰ ਬਚਾ ਨਹੀਂ ਸਕਿਆ।

Sri Satguru Jagjit Singh Ji eLibrary NamdhariElibrary@gmail.com

ਸ਼ਾਮੂੰ:– ਪਰ ਮੈਂ ਸ਼ਾਂਤ ਹਾਂ, ਮੇਰੇ ਮਾਲਕ। ਮੈਂ ਆਪਣਾ ਆਪ ਕੁਰਬਾਨ ਕਰਕੇ ਆਪਣੇ ਮਾਲਕ ਦੀ ਜਾਨ ਬਚਾਉਣ ਵਿਚ ਸਫਲ ਹੋ ਸਕਿਆ ਹਾਂ।

ਸੁਖਦਿ.:– ਮੈਂ ਤੇਰਾ ਇਹ ਅਹਿਸਾਨ ਕਿਵੇਂ ਉਤਾਰਾਂਗਾ? ਕਾਤਲ ਮੈਂ ਸਾਂ। ਮੇਰੇ ਹਥੋਂ ਹੀ ਉਹ ਨਾਮੁਰਾਦ ਮਰਿਆ ਸੀ। ਤੇਰਾ ਕਸੂਰ ਕੋਈ ਨਹੀਂ ਸੀ। ਜੇ ਮੇਰੇ ਥਾਂ ਤੂੰ ਜੁਰਮ ਦਾ ਇਕਬਾਲ ਨਾ ਕਰ ਲੈਂਦੋ, ਤਾਂ ਅਜ ਤੇਰੇ ਥਾਂ ਮੈਂ ਏਸ ਕਾਲ ਕੋਠੜੀ ਵਿਚ ਹੁੰਦਾ। ਤੇਰੇ ਥਾਂ ਕੱਲ੍ਹ ਨੂੰ ਮੇਰੀ ਜ਼ਿੰਦਗੀ ਦਾ ਚਰਾਗ਼ ਬੁਝਾ ਦਿਤਾ ਜਾਂਦਾ। ਮੈਂ ਤੈਨੂੰ ਫਾਂਸੀ ਦੀ ਸਜ਼ਾ ਤੋਂ ਨਹੀਂ ਬਚਾ ਸਕਿਆ। ਏਸ ਗੱਲ ਦਾ ਮੈਨੂੰ ਬੜਾ ਦੁੱਖ ਹੈ।

ਸ਼ਾਮੂੰ:– ਪਰ ਸਰਕਾਰ! ਮੈਂ ਬੜਾ ਖੁਸ਼ ਆਂ। ਕਿਉਂਕਿ ਮੇਰੀ ਮੌਤ ਇਕ ਪਤਵੰਤੇ ਘਰਾਣੇ ਦਾ ਜੀਵਨ ਹੈ। ਤੇ ਏਹਾ ਮੇਰਾ ਮਨੋਰਥ ਸੀ।

ਸੁਖਦਿ.:– ਸ਼ਾਮੂੰ ਤੇਰੀ ਕੋਈ ਰੀਝ ਹੋਵੇ, ਜੋ ਮੈਂ ਪੂਰੀ ਕਰ ਸਕਾਂ।

ਸ਼ਾਮੂੰ:– ਸਰਕਾਰ! ਇੱਕੋ ਰੀਝ ਸੀ, ਕਿ ਮੈਂ ਆਪਣੇ ਮੰਨੂੰ ਨੂੰ ਡਾਕਟਰ ਮਨੋਹਰ ਬਣਾਉਂਦਾ' ਪਰ........।

ਸੁਖਦਿ.:– ਮੈਂ ਤੇਰੀ ਇਹ ਰੀਝ ਪੂਰੀ ਕਰਾਂਗਾ। ਮੈਂ ਮੰਨੂੰ ਨੂੰ ਪੜ੍ਹਾਕੇ ਡਾਕਟਰ ਮਨੋਹਰ ਬਣਾਵਾਂਗਾ।

ਸੁਭਦਰਾਂ:– ਮੈਂ ਮੰਨੂੰ ਨੂੰ ਪੁੱਤਰ ਸਮਝਕੇ ਪਾਲਾਂਗੀ, ਸ਼ਾਮੂੰ। ਤੂੰ ਮੇਰਾ ਘਰ ਵਸਦਾ ਰੱਖਿਆ ਹੈ। ਮੈਂ ਤੇਰੀਆਂ ਹਜ਼ਾਰ

ਗੀਝਾਂ ਪੂਰੀਆਂ ਕਰਕੇ ਵੀ ਤੇਰੀ ਕੀਤੀ ਦਾ ਬਦਲਾ ਨਹੀਂ ਦੇ ਸਕਦੀ।

ਮੰਨੂ ਨੂੰ ਜੱਫੀ ਵਿਚ ਘੁੱਟ ਲੈਂਦੀ ਏ।

ਸ਼ਾਮੂੰ:- ਬੱਸ! ਮੇਰਾ ਜੀਵਨ ਸਫਲ ਹੋਗਿਆ, ਸਰਕਾਰ! ਹੁਣ ਮੈਂ ਸ਼ਾਂਤੀ ਨਾਲ ਫਾਂਸੀ ਲਗ ਸਕਾਂਗਾ।

ਸੁਭਦਰਾਂ ਮੰਨੂ ਨੂੰ ਅਗੇ ਕਰਦੀ ਏ। ਸ਼ਾਮੂੰ ਸੀਖਾਂ ਵਿਚਦੀ ਬਾਹਰ ਹੱਥ ਕਢਕੇ ਮੰਨੂ ਦੇ ਸਿਰ 'ਤੇ ਫੇਰਦਾ ਏ। ਅੱਖਾਂ ਵਿਚ ਹੰਝੂ ਹਨ।

ਮੰਨੂ ਰੋ ਰਿਹਾ ਹੈ।

ਸੁਭਦਰਾਂ:- ਮੇਰਾ ਮੰਨੂ।

ਸ਼ਾਮੂੰ:- ਮੰਨੂ ਤੇਰਾ ਨਹੀਂ, ਹੁਣ ਮੇਰਾ ਹੈ।

ਸਿਪਾਹੀ:- ਮੁਲਾਕਾਤ ਦਾ ਵਕਤ ਪੂਰਾ ਹੋ ਗਿਆ ਹੈ

ਸਾਰੇ ਜਾਂਦੇ ਨੇ।

**Faid Out.**

## ਸੀਨ ੩

*Faid in.*

ਸਮਾ- ਦਿਨ। ਥਾਂ- ਨੰਦ ਦੀ ਕੋਠੀ। ਪਾਤਰ- ਕੌਸ਼ਲ, ਲਾਜ, ਸੁਮਿਤਰਾਂ ਨੰਦ ਕਸ਼ੋਰ

ਰਾਏ ਬਹਾਦਰ ਨੰਦ ਕਸ਼ੋਰ ਦੀ ਛਾਨਦਾਰ ਕੋਠੀ। ਪਹਿਲਾਂ ਝੂਫੇਰੇ ਦਾ ਸੀਨ, ਫਿਰ ਬੱਚਿਆਂ ਦੇ ਪੜ੍ਹਨ ਦਾ ਕਮਰਾ। ਕੰਧਾਂ ਨਾਲ ਨਕਸ਼ੇ ਤੇ ਤਸਵੀਰਾਂ। ਕੌਸ਼ਲ ਲਾਜ ਨੂੰ ਪੜ੍ਹਾ ਰਿਹਾ ਏ। ਦੋਹਾਂ ਦੇ ਸੂਟ ਇਕੋ ਜੇਹੇ ਨੇ।

ਕੌਸ਼ਲ:- ਪੜ੍ਹ, ਪੜ੍ਹ।

Sri Satguru Jagjit Singh Ji eLibrary NamdhariElibrary@gmail.com

ਲਾਜ ਕਤਾਬ ਤੋਂ ਅਟਕ ਅਟਕ ਕੇ ਪੜ੍ਹਦੀਏ।

ਲਾਜ:— ਜੇ ਅਸੀਂ.....ਸਾਰੇ..... ਪੜ੍ਹ ਲਿਖ ਜਾਈਏ, ਤੇ ਹੱਥੀਂ ਕੰਮ ਕਰਨ ਦੀ ਲਗਨ.....ਅੰਦਰ ਪੈਦਾ ਕਰ ਲਈਏ ਤਾਂ ਮੁਲਕ ਵਿਚੋਂ ਗ਼ਰੀਬੀ .....ਦੂਰ ਹੋ ਸਕਦੀ ਏ। ਵਿਦਿਆ ਸਭ ਤੋਂ ਚੰਗਾ.....ਵਸੀਲਾ ਹੈ ਦੇਸ 'ਚੋਂ ਗ਼ਰੀਬੀ ਦੂਰ ਕਰਨ ਦਾ।

ਸੁਮਿਤਰਾਂ ਅੰਦਰ ਆਉਂਦੀ ਏ। ਕੌਸ਼ਲ ਨੂੰ ਉਸਦਾ ਪੱਲਾ ਫੜਕੇ ਕਹਿੰਦਾ ਏ।

ਕੌਸ਼ਲ:— ਮਾਂ! ਪੜ੍ਹਨ ਵਿਚ ਲਾਜ ਬੜੀ ਹੁਸ਼ਿਆਰ ਏ। ਇਹ ਥੋੜੇ ਦਿਨਾਂ ਵਿਚ ਈ ਆਵਦੀਆਂ ਜਮਾਤਣਾਂ ਨਾਲੋਂ ਵਧ ਜਾਇਗੀ। (ਕਤਾਬ 'ਚੋਂ ਪੜ੍ਹਦਾ ਏ) ਵਿਦਿਆ ਸਭ ਤੋਂ ਚੰਗਾ ਵਸੀਲਾ ਏ ਦੇਸ 'ਚੋਂ ਗ਼ਰੀਬੀ ਦੂਰ ਕਰਨ ਦਾ।

ਨੰਦ ਕਸ਼ੋਰ ਅੰਦਰ ਆਕੇ ਕੌਸ਼ਲ ਨੂੰ।

ਨੰਦ ਕਸ਼ੋਰ:- ਬੱਸ, ਤੇਰੇ ਤੇ ਲਾਜ ਦੇ ਪੜ੍ਹਨ ਦੀ ਢਿੱਲ ਏ, ਫਿਰ ਸਾਰੇ ਮੁਲਕ 'ਚੋਂ ਗ਼ਰੀਬੀ ਦੂਰ ਹੋ ਜਾਇਗੀ। ਠੀਕ ਏ ਨਾਂ! ਹੱਛਾ ਸਕੂਲ ਜਾਣ ਲਈ ਤਿਆਰ ਹੋ ਜਾਓ।

ਲਾਜ ਤੇ ਕੌਸ਼ਲ:—ਅਸੀ ਤਿਆਰ ਹਾਂ।

ਉਠ ਕੇ ਜਾਂਦੇ ਨੇ। Cut

Sri Satguru Jagjit Singh Ji eLibrary NamdhariElibrary@gmail.com

*Cut to cut*

# ਸੀਨ ੪

ਸਮਾਂ- ਦਿਨ ਥਾਂ– ਸੁਖ: ਦੀ ਕੋਠੀ। ਪਾਤਰ– ਪੁਸ਼ਪਾ, ਮੰਨੂੰ, ਮੋਹਨ, ਸੁਭਦਰਾਂ, ਕੋਚਵਾਨ।

ਸੁਖਦਿਆਲ ਦੀ ਕੋਠੀ ਅਗੇ ਬਘੀ ਤਿਆਰ ਖਲੀ ਏ। ਲਾਗੇ ਕੋਚਵਾਨ ਤੇ ਸਭਦਰਾਂ ਖਲੋ ਨੇ। ਪੁਸ਼ਪਾ ਤੇ ਮੰਨੂੰ ਇਕੋ ਜਿਹੇ ਸੂਟਾਂ ਵਿਚ ਕਿਤਾਬਾਂ ਦੇ ਥੈਲੇ ਮੋਢਿਆਂ 'ਤੇ ਪਾਈ ਅੰਦਰੋਂ ਨਿਕਲਦੇ ਨੇ। ਇਕ ਹੋਰ ਕਮਰੇ 'ਚੋਂ ਮੋਹਨ ਆ ਰਿਹਾ ਏ।

ਪੁਸ਼ਪਾ ਤੇ ਮੰਨੂੰ:- **ਅਸੀਂ ਤਿਆਰ ਆਂ।**

ਪੁਸ਼ਪਾ ਤੇ ਮੰਨੂੰ ਇਕ ਸੀਟ ਉਤੇ ਤੇ ਮੋਹਨ ਦੂਜੀ ਸੀਟ ਉਤੇ ਬਹਿ ਜਾਂਦੇ ਨੇ।

ਸੁਭਦਰਾਂ:- **ਜਾਓ।**

ਬਘੀ ਜਾਂਦੀ ਏ

**Cut**

*Cut to cut.*

# ਸੀਨ ੫

ਸਮਾਂ- ਦਿਨ। ਥਾਂ, ਸਕੂਲ ਦਾ ਦਰਵਾਜ਼ਾ। ਪਾਤਰ, ਲਾਜ, ਕੌਸ਼ਲ।

ਸਕੂਲ ਦੇ ਬੂਹੇ ਅਗੇ ਕਾਰ ਖਲੋਂਦੀ ਏ। ਵਿਚੋਂ ਲਾਜ ਤੇ ਕੌਸ਼ਲ ਉਤਰਕੇ ਕਤਾਬਾਂ ਫੜੀ ਅੰਦਰ ਨੂੰ ਜਾਂਦੇ ਨੇ। ਕਾਰ ਮੁੜ ਜਾਂਦੀ ਏ।

ਲਾਜ:- **ਅਸੀਂ ਆ ਗਏ; ਪਰ ਉਹ ਅਜੇ ਨਹੀਂ ਆਏ।**

ਕੌਸ਼ਲ:- **ਉਹ ਸਾਡੇ ਨਾਲ ਛਿੜਕੇ ਪੂਰੇ ਉਤਰ ਸਕਦੇ ਨੇ?**

ਲਾਜ:- **(ਸਾਮ੍ਹਣੇ ਇਸ਼ਾਰਾ ਕਰਕੇ) ਅਹੁ ਸ਼ਾਇਦ ਪੁਸ਼ਪਾ ਏ?**

Sri Satguru Jagjit Singh Ji eLibrary NamdhariElibrary@gmail.com

ਕੌਸ਼ਲ– ਨਹੀਂ ।

ਲਾਜ – ਹੂ-ਬ-ਹੂ ਓਹਾ ਲਗਦੀ ਏ ।

Cut.

## ਸੀਨ ੬

*Cut to cut.*

ਸਮਾਂ–ਦਿਨ ਥਾਂ–ਨੰਦ ਦੀ ਕੋਠੀ ਪਾਤਰ–ਸੁਮਿਤਰਾਂ, ਨੰਦ ਕਸ਼ੋਰ ।

ਸੁਮਿਤਰਾਂ ਤੇ ਨੰਦ ਕਸ਼ੋਰ ਕੋਠੀ ਦੇ ਸਾਮ੍ਹਣੇ ਘਾਹ ਦੇ ਪਲਾਟ ਵਿਚ ਕੁਰਸੀਆਂ 'ਤੇ ਬੈਠੇ ਨੇ । ਸੁਮਿਤਰਾਂ ਦੇ ਹੱਥ ਵਿਚ ਲਾਜ ਤੇ ਕੌਸ਼ਲ ਦੀ ਫ਼ੋਟੋ ਏ ਤੇ ਨੰਦ ਕਸ਼ੋਰ ਦੇ ਹੱਥ ਵਿਚ ਅਖ਼ਬਾਰ ।

ਸੁਮਿਤਰਾਂ– ਹੂ-ਬ-ਹੂ ਓਹਾ ਲਗਦੀ ਏ । ਜੇ ਮੇਰੀ ਲਾਜ ਜਿਉਂਦੀ ਰਹਿੰਦੀ, ਤਾਂ ਅਜ ਇਹਦੇ ਜਿੱਡੀ ਹੁੰਦੀ ।

ਨੰਦ ਕਸ਼ੋਰ– ਧੀਆਂ ਦੇ ਜਿਉਂਦੇ ਰਹਿਣ ਨਾਲ ਕਿੰਨਾ-ਕੁ ਫ਼ਰਕ ਪੈ ਜਾਂਦਾ ਏ ? ਐਵੇਂ ਇਸਤਰੀਆਂ ਦੇ ਵਹਿਮ ।

ਸੁਮਿਤਰਾਂ– ( ਹਉਕਾ ਲੈਕੇ ) ਮਰਦਾਂ ਦੇ ਹਿਰਦੇ ਕਠੋਰ ਹੁੰਦੇ ਨੇ । ਮਾਂਵਾਂ ਨੂੰ ਤਾਂ ਧੀਆਂ ਦਾ ਸੱਲ ਉਮਰ ਭਰ ਨਹੀਂ ਭੁੱਲਦਾ ।

ਨੰਦ ਕਸ਼ੋਰ– ( ਤਿਉੜੀ ਪਾਕੇ ) ਹਛਾ, ਹੁਣ ਤਾਂ ਤੈਨੂੰ ਤੇਰੀ ਧੀ ਮਿਲ ਗਈ ਏ । ਰਲ ਗਈ ਏ ਤੇਰੀ ਜੋੜੀ ।

ਜਾਂਦਾ ਏ ।

Cut.

Sri Satguru Jagjit Singh Ji eLibrary NamdhariElibrary@gmail.com

# ਸੀਨ ੭. *Cut to cut*

ਸਮਾਂ-ਦਿਨ ਥਾਂ-ਸਕੂਲ ਦਾ ਮੈਦਾਨ ਪਾਤਰ-ਲਾਜ, ਕੌਸ਼ਲ, ਮੋਹਨ, ਪੁਸ਼ਪਾ, ਮੰਨੂ।

ਸਕੂਲ ਦੇ ਮੈਦਾਨ ਵਿਚ ਪੰਜੇ ਖੇਡਦੇ ਨੇ। ਵਿਚਕਾਰ ਮੋਹਨ ਖਲਾ ਏ। ਇਕ ਪਾਸੇ ਪੁਸ਼ਪਾ ਤੇ ਮੰਨੂ ਖਲੇ ਨੇ ਤੇ ਇਕ ਪਾਸੇ ਲਾਜ ਤੇ ਕੌਸ਼ਲ।

ਲਾਜ- ( ਕੌਸ਼ਲ ਦੀ ਬਾਂਹ ਫੜਕੇ ) ਮੇਰੀ ਜੋੜੀ।

ਪੁਸ਼ਪਾ- (ਮੰਨੂ ਦੀ ਬਾਂਹ ਫੜਕੇ) ਮੇਰੀ ਜੋੜੀ।

ਮੋਹਨ- ਬੱਸ, ਤੁਹਾਡੀ ਇਹ ਧੜੇਬਾਜ਼ੀ ਕੋਈ ਕੰਮ ਨੇਪਰੇ ਨਹੀਂ ਚੜ੍ਹਨ ਦੇਂਦੀ। 'ਇਹ ਮੇਰੀ ਜੋੜੀ, ਇਹ ਮੇਰੀ ਜੋੜੀ'। ਨਿਰੀ ਫੁੱਟ। ਜਿੰਨਾ ਚਿਰ ਇਹ ਜੋੜੀ ਜੋੜੀ ਤੇ ਧੜੇ ਧੜੇ ਦਾ ਰਾਗ ਨਹੀਂ ਮੁਕਦਾ, ਦੇਸ਼ ਦੀ ਕਲਿਆਣ ਨਹੀਂ ਹੋ ਸਕਦੀ। ਇਹ ਪਾਟੋ ਧਾੜ ਤਾਂ ਵਡਿਆਂ ਦੀ ਬੀਮਾਰੀ ਏ, ਤੁਸੀਂ ਇਸ ਵਿਚ ਕਿਉਂ ਫਸਦੇ ਓ? ਇਹ ਤਾਂ ਮੁਲਕ ਵਿਚ ਇਕ ਵੱਡਾ ਰੋਗ ਏ। ਆਪਾਂ ਤਾਂ ਖਰੀ ਖਰੀ ਕਹਿੰਗੇ, ਕੌੜਾ ਸੱਚ।

ਪੁਸ਼ਪਾ- ਇਹ ਸਾਡੇ ਧੜੇ ਵਿਚ ਰਲ ਜਾਣ ਖਾਂ!

ਲਾਜ- ਅਸੀਂ ਕਿਉਂ ਰਲੀਏ? ਇਹ ਸਾਡੇ ਧੜੇ ਵਿਚ ਆ ਜਾਣ ਖਾਂ।

ਪੁਸ਼ਪਾ- (ਮੋਹਨ ਦਾ ਹੱਥ ਫੜਕੇ) ਮੋਹਨ! ਤੂੰ ਸਾਡੇ ਧੜੇ ਵਿਚ ਆ ਜਾ।

Sri Satguru Jagjit Singh Ji eLibrary NamdhariElibrary@gmail.com

ਮੋਹਨ— ਜਿੰਨਾ ਚਿਰ ਧੜੇ ਕਾਇਮ ਨੇ, ਮੈਂ ਕਿਸੇ ਪਾਸੇ ਵੀ ਨਹੀਂ ਮਿਲਾਂਗਾ। ਹਾਂ, ਜੇ ਤੁਸੀਂ ਸਾਰੇ ਇਕ ਹੋ ਜਾਓ, ਤਾਂ ਮੈਂ ਤੁਹਾਡੇ ਨਾਲ ਆਂ। ਅਸੀਂ ਸਾਰੇ ਕੱਠੇ ਹੋ ਕੇ ਈ ਕਿਸੇ ਉੱਚੇ ਨਸ਼ਾਨੇ 'ਤੇ ਪਹੁੰਚ ਸਕਦੇ ਆਂ।

ਕੌਸ਼ਲ— ਚੰਗਾ, ਪੁਸ਼ਪਾ ਇਕ ਗੀਤ ਸੁਣਾ ਦੇਵੇ, ਤਾਂ ਅਸੀਂ ਸੁਲ੍ਹਾ ਕਰ ਲਵਾਂਗੇ।

ਮੰਨੂੰ— ਪੁਸ਼ਪਾ ਕਿਉਂ ਸਣਾਵੇ? ਲਾਜ ਸੁਣਾਵੇ ਖਾਂ!

ਕੌਸ਼ਲ— ਪੁਸ਼ਪਾ ਨੂੰ ਸੁਣਾਉਣਾ ਪਵੇਗਾ।

ਮੰਨੂੰ— ਨਹੀਂ ਸੁਣਾਵੇਗੀ।

ਕੌਸ਼ਲ ਅਗੇ ਵਧਕੇ ਪੁਸ਼ਪਾ ਦੀ ਗੁੱਤ ਫੜ ਲੈਂਦਾ ਏ।

ਮੰਨੂੰ— (ਬਾਹੀਂ ਟੰਗਕੇ) ਛਡ ਦੇ ਗੁੱਤ।

ਕੌਸ਼ਲ— ਨਹੀਂ ਛਡਦਾ।

ਮੰਨੂੰ ਕੌਸ਼ਲ ਨੂੰ ਘਸੁੰਨ ਮਾਰਨ ਲਗਦਾ ਏ, ਤਾਂ ਲਾਜ ਅਗੇ ਹੋ ਜਾਂਦੀ ਏ ਤੇ ਘਸੁੰਨ ਉਹਨੂੰ ਵੱਜ ਜਾਂਦਾਏ। ਫਿਰ ਕੌਸ਼ਲ ਮੰਨੂੰ ਨੂੰ ਮਾਰਨ ਲਗਦਾ ਏ, ਤਾਂ ਪੁਸ਼ਪਾ ਅਗੇ ਹੋ ਜਾਂਦੀ ਏ, ਤੇ ਘਸੁੰਨ ਉਹਨੂੰ ਵੱਜ ਜਾਂਦਾ ਏ। ਮੋਹਨ ਦੋਹਾਂ ਦੇ ਵਿਚ ਹੋਕੇ ਉਹਨਾਂ ਨੂੰ ਹਟਾਉਂਦਾ ਏ।

ਮੋਹਨ— ਅਨੋਖਾ ਇਨਸਾਫ਼ ਏ। ਲੜਾਈ ਮਰਦਾਂ ਦੀ ਤੇ ਸਜ਼ਾ ਇਸਤਰੀ ਨੂੰ। ਪਰ ਦੁਨੀਆਂ ਵਿਚ ਸਦਾ ਹੁੰਦਾ ਈ ਏਹਾ ਏ।

ਕੌਸ਼ਲ— ਤਾਂ ਫਿਰ ਪੁਸ਼ਪਾ ਗੀਤ ਸੁਣਾ ਦੇ ਖਾਂ!

ਮੰਨੂੰ— ਨਹੀਂ ਸੁਣਾਉਂਦੀ।

ਮੋਹਨ— (ਦੋਵੇਂ ਹੱਥ ਚੁਕਕੇ) ਚੁਪ ਕਰੋ। ਮੈਂ ਤੁਹਾਡਾ ਜੱਜ

Sri Satguru Jagjit Singh Ji eLibrary NamdhariElibrary@gmail.com

ਆਂ। ਮੈਂ ਫ਼ੈਸਲਾ ਕਰਦਾਆਂ। ਮੇਰੇ ਮਾਸਟਰ ਜੀ ਨੇ ਮੈਨੂੰ ਇਕ ਗੀਤ ਲਿਖਕੇ ਦਿਤਾ ਏ। ਭਲਕੇ ਮੇਰੇ ਜਨਮ ਦਿਨ ਉਤੇ ਤੁਸਾਂ ਚੌਹਾਂ ਰਲਕੇ ਗਾਉਣਾ। ਹੁਣ ਜਾਓ, ਪੜ੍ਹੋ। ਪਰ ਮੇਰੀ ਗੱਲ ਯਾਦ ਰਖਣੀ।

ਲਾਜ ਤੇ ਕੌਸ਼ਲ ਇਕ ਪਾਸੇ ਜਾਂਦੇ ਨੇ ਤੇ ਮੰਨੂੰ ਤੇ ਪੁਸ਼ਪਾ ਇਕ ਪਾਸੇ। ਮਹਨ ਕੱਲ੍ਹਾ ਖਲਾ ਰਹਿ ਜਾਂਦਾ ਏ।

**Cut.**

## ਸੀਨ ੮ *Cut to cut.*

ਸਮਾਂ–ਦਿਨ ਥਾਂ–ਸੁਖ ਦੀ ਕੋਠੀ ਪਾਤਰ–ਸੁਖ, ਸੁਭਦਰਾਂ।

ਕਮਰੇ ਵਿਚ ਸੁਖਦਿਆਲ ਤੇ ਸੁਭਦਰਾਂ ਬੈਠੇ ਨੇ।

ਸੁਖਦਿਆਲ– ਯਾਦ ਏ ਮੈਨੂੰ। ਅਜੇ ਪੁਸ਼ਪਾ ਦਸਾਂ ਦਿਨਾਂ ਦੀ ਸੀ, ਜਦ ਮੈਂ ਰਾਏ ਬਹਾਦਰ ਨਾਲ ਰਿਸ਼ਤੇ ਦੀ ਗੱਲ ਪੱਕੀ ਕਰ ਲਈ ਸੀ।

ਸੁਭਦਰਾਂ – ਮੇਰੀ ਸਲਾਹ ਏ, ਭਲਕੇ ਮੋਹਨ ਦੇ ਜਨਮ ਦਿਨ 'ਤੇ ਆਪਾਂ ਵਰਮਾਲਾ ਦੀ ਰਸਮ ਪੂਰੀ ਕਰ ਛਡੀਏ।

ਸੁਖਦਿਆਲ– ਚੰਗੀ ਗੱਲ ਏ। ਹਛਾ, ਤਿਆਰੀ ਕਰੋ ਛੇਤੀ।

**Cut.**

## ਸੀਨ ੯ *Cut to cut.*

ਸਮਾਂ–ਦਿਨ ਥਾਂ–ਨੰਦ ਦੀ ਕੋਠੀ ਪਾਤਰ–ਨੰਦ, ਸੁਮਿਤਰਾਂ, ਲਾਜ, ਕੌਸ਼ਲ

ਨੰਦ ਕਸ਼ੋਰ ਕੋਠੀ ਦੇ ਬੂਹੇ ਅਗੇ ਤਿਆਰ ਖਲਾਏ।

ਨੰਦਕਸ਼ੋਰ– [ਉਚੀ] ਤਿਅਰੀ ਕਰੋ ਛੇਤੀ।

Sri Satguru Jagjit Singh Ji eLibrary NamdhariElibrary@gmail.com

ਸੁਮਿਤਰਾਂ, ਲਾਜ, ਕੌਸ਼ਲ ਤਿਆਰ ਹੋਕੇ ਬਾਹਰ ਆਉਂਦੇ ਨੇ।

ਨੰਦ ਕਸ਼ੋਰ– (ਘੜੀ ਵੇਖਕੇ) **ਵਕਤ ਹੋ ਗਿਆਏ।**

ਸਾਰੇ ਜਾਂਦੇ ਨੇ।

**Cut.**

## ਸੀਨ ੧੦ *Cut to cut.*

ਸਮਾਂ–ਦਿਨ ਥਾਂ--ਸੁਖ ਦੀ ਕੋਠੀ ਪਾਤਰ--ਮਿਠੂ, ਕਰਮੋ

ਕੋਠੀ ਦੇ ਪਿਛਵਾੜੇ ਕੋਚਵਾਨ ਦਾ ਕਵਾਟਰ। ਕੋਚਵਾਨ —ਮਿੱਠੂ—ਪੱਗਬੰਨ੍ਹ ਰਿਹਾ ਏ ਤੇ ਉਸ ਦੀ ਸਵਾਣੀ–ਕਰਮੋ— ਬੂਹੇ 'ਚ ਖਲੀ ਏ।

ਕਰਮੋ-- **ਵਕਤ ਹੋ ਗਿਆ ਏ। ਓਧਰ ਨਾਚ ਸ਼ੁਰੂ ਹੋ ਜਾਣਾਏਂ।**

ਮਿਠੂ ਪੱਗ ਬੰਨ੍ਹਦਾ ਬੰਨਦਾ ਕਰਮੋ ਦੇ ਨਾਲ ਜਾਂਦਾ ਏ।

**Cut.**

## ਸੀਨ ੧੧ *Cut to cut*

ਸਮਾਂ–ਦਿਨ, ਥਾਂ—ਸੁਖ ਦੀ ਕਠੀ, ਪਾਤਰ–ਦੋਵੇਂ ਪਰਵਾਰ, ਹੋਰ

ਕੋਠੀ ਦੇ ਹਾਲ ਕਮਰੇ ਵਿਚ ਇਕ ਪਾਸੇ ਸਟੇਜ ਬਣਿਆਂ ਹੋਇਆ ਏ। ਸਾਮ੍ਹਣੇ ਕੁਰਸੀਆਂ ਉਤੇ ਪਰਾਹੁਣੇ ਬੈਠੇ ਨੇ। ਸਟੇਜ ਦੇ ਨੇੜੇ ਇਕ ਪਾਸੇ ਨੰਦ ਕਸ਼ੋਰ ਤੇ ਸੁਖਦਿਆਲ ਕੱਠੇ ਬੈਠੇ ਨੇ ਤੇ ਸੁਭਦਰਾਂ ਤੇ ਸੁਮਿਤਰਾਂ ਕਠੀਆਂ ਬੈਠੀਆਂ ਨੇ। ਨਾਚ ਹੋ ਰਿਹਾ ਏ।

ਨਾਚ ਖ਼ਤਮ ਹੁੰਦਾ ਏ, ਤਾਂ ਤਾੜੀਆਂ ਦੀ ਵਾਜ ਆਉਂਦੀ ਏ। ਪਰਦਾ ਡਿਗਦਾ ਏ। ਪਰਦੇ ਤੋਂ ਬਾਹਰ ਸਟੇਜ ਦੀ ਗੁੱਠ ਉਤੇ ਮੋਹਨ ਆਉਂਦਾ ਏ।

ਮੋਹਨ:– **ਹੁਣ ਬੱਚਿਅ ਦਾ ਗੀਤ ਸੁਣੋ।**

Sri Satguru Jagjit Singh Ji eLibrary NamdhariElibrary@gmail.com

ਮੋਹਨ ਪਰਦੇ ਉਹਲੇ ਚਲਾ ਜਾਂਦਾ ਏ। ਪਰਦਾ ਉਠਦਾ ਏ। ਇਕ ਪਾਸੇ ਲਾਜ ਤੇ ਕੌਸ਼ਲ ਤੇ ਇਕ ਪਾਸੇ ਮੰਨੂੰ ਤੇ ਪੁਸ਼ਪਾ ਆਮੋ ਸਾਮ੍ਹਣੇ ਖਲੇ ਨੇ। ਰਾਰੇ ਗਾਉਂਦੇ ਨੇ, ਸਥਾਈ ਸਾਂਝੀ ਤੇ ਫਿਰ ਅੰਤਰੇ ਵੱਖੋ ਵੱਖ। ਇਕ ਪਾਸੇ ਲਾਜ ਤੇ ਕੌਸ਼ਲ ਤੇ ਇਕ ਪਾਸੇ ਪੁਸ਼ਪਾ ਤੇ ਮੰਨੂੰ।

ਗਾਣਾ:- ਸਾਡੀ ਨਵੀਂ ਨਵੀਂ ਦੁਨੀਆਂ ਤੇ ਨਵੇਂ ਨਵੇਂ ਚਾ
ਨਵੀਆਂ ਰੀਝਾਂ ਨਵੀਆਂ ਖੇਡਾਂ, ਨਵੀਆਂ ਰਸਮਾਂ, ਗੀਤਾਂ
ਨਵਾਂ ਸਮਾਜ, ਵਿਚਾਰਾਂ ਨਵੀਆਂ, ਨਵੀਆਂ ਸਾਂਝਾਂ, ਪ੍ਰੀਤਾਂ
ਹੁੱਸੜ ਗਏ ਰਵਾਜ ਪੁਰਾਣੇ ਨਵਿਆਂ ਤੋਂ ਘਬਰਾ।
ਸਾਡੀ ਨਵੀਂ ਨਵੀਂ ਦੁਨੀਆਂ ਤੇ ਨਵੇਂ ਨਵੇਂ ਚਾ।
ਬੱਚੇ ਨਵੇਂ ਖ਼ਿਆਲਾਂ ਦੇ ਤੇ ਮਾਪੇ ਰਹੇ ਪੁਰਾਣੇ
ਦੋਵੇਂ ਦਿਲ ਵਿਚ ਅਪਣੇ ਤਾਈਂ ਸਮਝਣ ਬਹੁਤ ਸਿਆਣੇ
ਏਸੇ ਪਾਰੋਂ ਘਰ ਘਰ ਅੰਦਰ ਝਗੜਾ ਰਹੇ ਪਿਆ।
ਸਾਡੀ ਨਵੀਂ ਨਵੀਂ ਦੁਨੀਆਂ ਤੇ ਨਵੇਂ ਨਵੇਂ ਚਾ
ਮਾਪੇ ਕਹਿਣ:-ਹਕੂਮਤ ਸਾਡੀ, ਚੱਲੇ ਹੁਕਮ ਅਸਾਡਾ
ਬੱਚੇ ਆਖਣ:-ਬੀਤ ਗਿਆ ਹੁਣ-ਬਸ ਪ੍ਰਾ-ਸਮਾਂ ਤੁਹਾਡਾ
ਨਵਾਂ ਜ਼ਮਾਨਾ, ਨਵੀਂ ਰੌਸ਼ਨੀ, ਨਵਿਆਂ ਦੀ ਰੁਤ ਆ
ਸਾਡੀ ਨਵੀਂ ਨਵੀਂ ਦੁਨੀਆਂ ਤੇ ਨਵੇਂ ਨਵੇਂ ਚਾ

ਗਾਣਾ ਖ਼ਤਮ, ਤਾੜੀਆਂ ਦੀ ਵਾਜ।

ਸੁਖਦਿਆਲ—(ਨੰਦ ਕਸ਼ੋਰ ਨੂੰ) ਸਾਡੀ ਇੱਛਿਆ ਹੈ ਕਿ ਚਿਰ ਦੀ ਦੋਸਤੀ ਨੂੰ ਅੱਜ ਪੱਕੀ ਗੰਢ ਪਾ ਦਈਏ।

ਨੰਦ ਕਸ਼ੋਰ-- ਹਾਂ, ਹਾਂ। ਜ਼ਰੂਰ।

ਸੁਖਦਿਆਲ--(ਸੁਭਦਰਾਂ ਨੂੰ) ਪੁਸ਼ਪਾ ਦੀ ਮਾਂ!

ਬੱਚਿਆਂ ਵਲ ਇਸ਼ਾਰਾ ਕਰਦਾ ਏ।

Sri Satguru Jagjit Singh Ji eLibrary NamdhariElibrary@gmail.com

ਸੁਭਦਰਾਂ ਹੱਥ ਵਿਚ ਫੁੱਲਾਂ ਦੀ ਮਾਲਾ ਲੈਕੇ ਉਠਦੀਏ। ਸਟੇਜ ਕੋਲ ਜਾਕੇ ਪੁਸ਼ਪਾ ਨੂੰ।

ਸੁਭਦਰਾਂ-- ਪੁਸ਼ਪਾ !

ਪੁਸ਼ਪਾ ਨੇੜੇ ਆਉਂਦੀ ਏ।

ਸੁਭਦਰਾਂ-- ਲੈ ਆਹ ਕੌਸ਼ਲ ਦੇ ਗਲ ਵਿਚ ਪਾ ਦੇ।

ਪੁਸ਼ਪਾ ਮਾਲਾ ਲੈਕੇ ਕੌਸ਼ਲ ਦੇ ਗਲ ਪਾਉਣ ਲਗਦੀਏ। ਕੌਸ਼ਲ ਮੰਨੂ ਵੱਲ ਵੇਖਕੇ ਹੱਸਦਾ ਏ। ਮੰਨੂ ਗੁਸੇ ਨਾਲ ਪੁਸ਼ਪਾ ਦਾ ਹੱਥ ਫੜਕੇ।

ਮੰਨੂ-- ਪੁਸ਼ਪਾ ! ਇਹ ਸਾਡੀ ਪਾਰਟੀ ਦਾ ਨਹੀਂ। ਅਸਾਂ ਨਹੀਂ ਇਹਦੇ ਗਲ ਪਾਉਣਾ।

ਇਹ ਅਪਸਗਨੀ ਵੇਖਕੇ ਸਾਰੇ ਗੁੱਸੇ ਹੋ ਜਾਂਦੇ ਨੇ। ਸੁਖਦਿਆਲ ਉਠਕੇ ਗੁੱਸੇ ਨਾਲ ਸੁਭਦਰਾਂ ਨੂੰ।

ਸੁਖਦਿਆਲ-- ਡਿੱਠੀ ਊ ਆਵਦੇ ਮੰਨੂ ਦੀ ਕਰਤੂਤ ? ਇਹ ਨਿਰਾ ਸੱਪ ਈ, ਉਡਣਾ ਸੱਪ।

ਸੁਭਦਰਾਂ-- ਬੱਚੇ ਜੁ ਹੋਏ। ਇਹ ਅਜੇ ਕੀ ਜਾਨਣ ?

ਮੋਹਨ ਪਰਦੇ ਪਿਛੋਂ ਸਟੇਜ 'ਤੇ ਆਕੇ।

ਮੋਹਨ-- ਪੁਸ਼ਪਾ ! ਜਿਵੇਂ ਕਹਿੰਦੇ ਨੇ, ਓਵੇਂ ਮੰਨ ਲੈ। ਵੱਡਿਆਂ ਬੰਦਿਆਂ ਦੇ ਦਿਲ ਬੜੇ ਛੋਟੇ ਹੁੰਦੇ ਨੇ। ਇਹ ਬੱਚਿਆਂ ਦੀ ਖੇਡ ਤੋਂ ਵੀ ਖਿਝ ਜਾਂਦੇ ਨੇ। ਆਪਾਂ ਤਾਂ ਖਰੀ ਖਰੀ ਕਹਾਂਗੇ, ਕੌੜਾ ਸੱਚ।

ਸੁਖਦਿਆਲ-- (ਕੜਕਕੇ) ਆ ਗਿਆ ਏ ਇਹ ਵੱਡੇ ਦਿਲ ਵਾਲਾ। ਨਿਕਲ ਜਾ ਏਥੋਂ।

ਪੁਸ਼ਪਾ ਉਦਾਸ ਚਿਤ ਕੌਸ਼ਲ ਦੇ ਗਲ ਵਿਚ ਹਾਰ ਪਾ ਦੇਂਦੀਏ। ਤਾੜੀਆਂ ਦੀ ਵਾਜ। ਬੱਚੇ ਜਾਂਦੇ ਨੇ।

ਨੰਦ ਕਸ਼ੋਰ-- (ਉਠ[illegible] ਕੌਸ਼ਲ ਤੇ ਪੁਸ਼ਪਾ ਅਜੇ ਦੁਧ ਚੁੰਘਦੇ ਬੱਚੇ ਸਨ, ਜਦ ਅ[illegible] ਦੋਹਾਂ ਮਿੱਤਰਾਂ ਨੇ ਆਪਸ ਵਿਚ

Sri Satguru Jagjit Singh Ji eLibrary NamdhariElibrary@gmail.com

ਬਚਨ ਕੀਤਾ ਸੀ। ਅਜ ਅਸਾਂ ਉਸ ਪ੍ਰਣ ਨੂੰ ਸਾਰਿਆਂ ਦੇ ਸਾਮ੍ਹਣੇ ਪੱਕਾ ਕਰ ਲਿਆ ਏ।

ਸਾਰੇ ਤਾੜੀਆਂ ਵਜਾਉਂਦੇ ਨੇ।

ਸੁਖਦਿਆਲ-- ਮੈਂ ਆਏ ਸੱਜਣਾਂ ਦਾ ਧਨਵਾਦ ਕਰਦਾ ਆਂ।

ਲੋਕ ਉਠਕੇ ਤੁਰਦੇ ਨੇ। **Cut.**

## ਸੀਨ ੧੨ *Cut to cut.*

(Mounting shots, 16—20)

ਸਮਾਂ—ਦਿਨ ਥਾਂ--ਸੁਖ ਦੀ ਕੋਠੀ ਪਾਤਰ--ਪੁਸ਼ਪਾ, ਮੰਨੂੰ

ਪੁਸ਼ਪਾ ਤੇ ਮੰਨੂੰ ਇਕ ਪਾਸੇ ਜਾ ਰਹੇ ਨੇ। ਦੋਵੇਂ ਉਦਾਸ ਹਨ।

ਮੰਨੂੰ-- ਤੂੰ ਉਸਨੂੰ ਹਾਰ ਕਿਉਂ ਪਾਇਆ? ਉਹ ਸਾਡੀ ਜੋਟੀ ਦਾ ਨਹੀਂ।

**Cut.**

## ਸੀਨ ੧੩ *Cut to cut.*

ਸਮਾਂ--ਦਿਨ ਥਾਂ--ਸੁਖ ਦੀ ਕੋਠੀ ਪਾਤਰ—ਲਾਜ, ਕੌਸ਼ਲ

ਲਾਜ ਤੇ ਕੌਸ਼ਲ ਦੋਵੇਂ ਉਦਾਸ ਚਿੱਤ ਦੂੱਜੇ ਪਾਸੇ ਜਾ ਰਹੇ ਨੇ।

ਲਾਜ:- ਤੂੰ ਉਸ ਤੋਂ ਹਾਰ ਕਿਉਂ ਪੁਆਇਆ? ਉਹ ਸਾਡੀ ਜੋਟੀ ਦੀ ਨਹੀਂ।

**Cut.**

Sri Satguru Jagjit Singh Ji eLibrary NamdhariElibrary@gmail.com

www.archive.org/details/namdhari


## ਸੀਨ ੧੪

*Cut to cut.*

ਸਮਾ--ਦਿਨ ਥਾਂ--ਸੁਖ ਦੀ ਕਠੀ ਪਾਤਰ--ਪੁਸ਼ਪਾ, ਮੰਨੂੰ

ਸੀਨ ੧੨ ਵਾਂਗ ਪੁਸ਼ਪਾ ਤੇ ਮੰਨੂੰ ਜਾ ਰਹੇ ਨੇ। ਪੁਸ਼ਪਾ ਮੰਨੂੰ ਦਾ ਹੱਥ ਫੜਕੇ ਕਹਿੰਦੀ ਏ।

ਪੁਸ਼ਪਾ:— ਮੈਂ ਨਵਾਂ ਹਾਰ ਪਰੋਕੇ ਤੇਰੇ ਗੱਲ ਪਾ ਦਿਆਂ ਗੀ।

**Cut.**

## ਸੀਨ ੧੫

*Cut to cut.*

ਸਮਾ--ਦਿਨ ਥਾਂ--ਸੁਖ ਦੀ ਕੋਠੀ ਪਾਤਰ--ਲਾਜ, ਕੌਸ਼ਲ

ਸੀਨ ੧੩ ਵਾਂਗ ਲਾਜ ਤੇ ਕੌਸ਼ਲ ਜਾ ਰਹੇ ਨੇ। ਕੌਸ਼ਲ ਲਾਜ ਦਾ ਹੱਥ ਫੜਕੇ।

ਕੌਸ਼ਲ:- ਹੱਛਾ, ਤੂੰ ਨਵਾਂ ਹਾਰ ਪਰੋਕੇ ਮੇਰੇ ਗਲ ਪਾ ਦੇਵੀਂ।

**Cut.**

## ਸੀਨ ੧੬

*Cut to cut.*

ਸਮਾ--ਦਿਨ ਥਾਂ--ਸੁਖ ਦੀ ਕੋਠੀ ਪਾਤਰ--ਮੋਹਨ

ਮੋਹਨ ਇੱਕਲਾ ਈ ਬਾਹਰ ਨੂੰ ਜਾ ਰਿਹਾ ਏ।

ਮੋਹਨ:- ਛੋਟਿਆਂ ਵਿਚ ਕੀ, ਤੇ ਵੱਡਿਆਂ ਵਿਚ ਕੀ, ਦੁਨੀਆਂ 'ਚ ਹਰਥਾਂ ਤੰਗ ਦਿਲੀ ਈ ਨਜ਼ਰ ਆ ਰਹੀਏ। ਆਪਾਂ ਤਾਂ ਖਰੀ ਖਰੀ ਕਹਾਂਗੇ, ਕੌੜਾ ਸੱਚ।

**Fade out.**

Sri Satguru Jagjit Singh Ji eLibrary NamdhariElibrary@gmail.com

## ਸੀਨ ੧੭

*Fade in.*

(Mounting shots 21—25)

ਸਮਾ- ਦਿਨ ਥਾਂ- ਸੁਖ ਦੀ ਕੋਠੀ ਪਾਤਰ- ਸੁਖ, ਸੁਭਦਰਾਂ

ਰੋਟੀ ਖਾਣ ਵਾਲੇ ਮੇਜ਼ ਉਦਾਲੇ ਪੰਜ ਕੁਰਸੀਆਂ ਹਨ। ਇਕ 'ਤੇ ਸੁਭਦਰਾਂ ਬੈਠੀ ਏ। ਇਕ 'ਤੇ ਬੈਠਾ ਸੁਖਦਿਆਲ ਕੁਛ ਪੜ੍ਹ ਰਿਹਾ ਏ। ਨੌਕਰ ਰੁਮਾਲ ਥੱਲੇ ਢੱਕੇ ਹੋਏ ਥਾਲ ਲਿਆਕੇ ਰਖਦੇ ਨੇ।

ਸੁਭਦਰਾਂ:- ਅਜੇ ਨਿੱਕਿਆਂ ਦੀ ਰੋਟੀ ਦਾ ਵੇਲਾ ਨਹੀਂ ਹੋਇਆ। ਏਸੇ ਉਮਰੇ ਖਵਰੇ ਇਹਨਾਂ ਨੂੰ ਕੀ ਰੀਸਾਂ ਪੈ ਗਈਆਂ ਨੇ?

ਉਠਕੇ ਬਾਹਰ ਜਾਂਦੀ ਏ।

**Cut.**

## ਸੀਨ ੧੯

*Cut to cut.*

ਸਮਾ—ਦਿਨ ਥਾਂ—ਨੰਦ ਦੀ ਕੋਠੀ ਪਾਤਰ- ਲਾਜ,ਕੌਸ਼ਲ ਸੁਮਿਤਰਾਂ

ਕੋਠੀ ਦੇ ਸਾਮ੍ਹਣੇ ਬਾਗੀਚੇ ਵਿਚ ਛੋਟੇ ਜੇਹੇ ਬੂਟੇ ਹੇਠਾਂ ਛੋਟੀ ਉਮਰ ਦੇ ਲਾਜ ਤੇ ਕੌਸ਼ਲ ਪੜ੍ਹ ਰਹੇ ਨੇ। ਕੋਲ ਛੋਟੀਆਂ ਛੋਟੀਆਂ ਕਤਾਬਾਂ ਹਨ। ਕੋਠੀ ਕੋਲ ਖਲੀ ਸੁਮਿਤਰਾਂ ਦੂਰੋਂ ਵਾਜ ਮਾਰਦੀ ਏ।

ਸੁਮਿਤਰਾਂ:- ਕੌਸ਼ਲ! ਅਜੇ ਰੋਟੀ ਦਾ ਵੇਲਾ ਨਹੀਂ ਹੋਇਆ?

ਕੌਸ਼ਲ:- ਉਹ ਅਜੇ ਪੜ੍ਹਦੇ ਹੋਣੇ ਨੇ। ਅਸੀਂ ਉਹਨਾਂ ਨਾਲ ਜਿਦੇ ਹੋਏ ਆਂ। ਤੁਸੀਂ ਖਾ ਲਵੋ।

**Cut.**

—:o:—

Sri Satguru Jagjit Singh Ji eLibrary NamdhariElibrary@gmail.com

## ਸੀਨ ੧੯ *Cut to cut*

ਸਮਾ—ਦਿਨ ਥਾਂ—ਸੁਖ ਦੀ ਕੋਠੀ ਪਾਤਰ—ਪੁਸ਼ਪਾ, ਮੰਨੂੰ, ਮੋਹਨ, ਸੁਭਦਰਾਂ

ਕੋਠੀ ਦੇ ਸਾਮ੍ਹਣੇ ਬਾਗ਼ੀਚੇ ਵਿਚ ਇਕ ਛੋਟੇ ਜੇਹੇ ਬੂਟੇ ਥੱਲੇ ਪੁਸ਼ਪਾ ਤੇ ਮੰਨੂੰ ਬੈਠੇ ਪੜ੍ਹ ਰਹੇ ਨੇ। ਇਕ ਬੂਟੇ ਥੱਲੇ ਮੋਹਨ ਕੱਲ੍ਹਾ ਬੈਠਾ ਪੜ੍ਹ ਰਿਹਾ ਏ। ਬੂਟੇ, ਕਤਾਬਾਂ, ਵਿਦਿਆਰਥੀ, ਸਭ ਛੋਟੇ। ਦੂਰ ਕੋਠੀ ਕੋਲ ਖਲੀ ਸੁਭਦਰਾਂ ਵਾਜ ਮਾਰਦੀ ਏ।

ਸੁਭਦਰਾਂ:— ਪੁਸ਼ਪਾ! ਰੋਟੀ ਦਾ ਚੇਤਾ ਨਹੀਂ ਅੱਜ?

ਪੁਸ਼ਪਾ:— ਮਾਂ! ਅਸੀਂ ਲਾਜ ਹੋਰਾਂ ਨਾਲ ਜਿਦੇ ਹੋਏ ਆਂ। ਉਹ ਸਾਥੋਂ ਵਧ ਨੰਬਰ ਲੈ ਜਾਣਗੇ। ਤੁਸੀਂ ਖਾ ਲਓ।

ਮੋਹਨ:— (ਉਠਕੇ) ਜਿਦ ਤੁਹਾਡੀ ਦੋਹਾਂ ਟੋਲੀਆਂ ਦੀ ਏ। ਔਖੇ ਤੁਸੀਂ ਹੋਵੋਗੇ, ਸਾਨੂੰ ਕੀ? ਆਪਾਂ ਤਾਂ ਖਰੀ ਖਰੀ ਕਹਾਂਗੇ, ਕੌੜਾ ਸੱਚ।

ਜਾਂਦਾ ਏ। **Cut.**

## ਸੀਨ ੨੦ *Cut to cut.*

ਸਮਾ—ਦਿਨ ਥਾਂ—ਸੁਖ ਦੀ ਕੋਠੀ ਪਾਤਰ—ਲਾਜ, ਕੌਸ਼ਲ ਸੁਮਿਤਰਾਂ

ਲਾਜ ਤੇ ਕੌਸ਼ਲ ਬੂਟੇ ਹੇਠ ਬੈਠੇ ਪੜ੍ਹਦੇ ਨੇ। ਲਾਜ ਤੇ ਕੌਸ਼ਲ ਜਵਾਨ ਹਨ। ਬੂਟਾ ਤੇ ਕਤਾਬਾਂ ਵਡੀਆਂ ਹਨ। ਕੋਠੀ ਕੋਲ ਖਲੀ ਦੂਰੋਂ ਸੁਮਿੱਤਰਾਂ ਵਾਜ ਮਾਰ ਰਹੀ ਏ।

ਸੁਮਿੱਤਰਾਂ:— ਕੌਸ਼ਲ! ਕਿੰਨਾ-ਕੁ ਚਿਰ ਤੇਰੀ ਰੋਟੀ ਨੂੰ ਉਡੀਕੀਏ?

ਕੌਸ਼ਲ:— ਮਾਂ! ਤੁਸੀਂ ਖਾ ਲਓ। ਮੇਰਾ ਆਖਰੀ ਪਰਚਾ ਰਹਿ ਗਿਆ ਏ। ਮੈਂ ਐਮ. ਏ. 'ਚੋਂ ਫਸਟ ਆਉਣਾ ਏਂ, ਵੇਖ ਲਿਓ।

Sri Satguru Jagjit Singh Ji eLibrary NamdhariElibrary@gmail.com

ਸੁਮਿੱਤਰਾਂ:- ਨਿੱਕੇ ਹੁੰਦੇ ਵਾਲੀ ਤੇਰੀ ਇਕ ਆਦਤ ਵੀ ਨਹੀਂ ਬਦਲੀ।

**Cut.**

## ਸੀਨ ੨੧ *Cut to Cut.*

ਸਮਾਂ–ਦਿਨ ਥਾਂ–ਸੁਖ ਦੀ ਕੋਠੀ ਪਾਤਰ–ਪੁਸ਼ਪਾ, ਮੰਨੂੰ, ਮੋਹਨ, ਸੁਭਦਰਾਂ

ਪੁਸ਼ਪਾ ਤੇ ਮੰਨੂੰ ਇਕ ਦਰਖ਼ਤ ਹੇਠ ਬੈਠੇ ਪੜ੍ਹਦੇ ਨੇ ਤੇ ਮੋਹਨ ਇਕੱਲਾ ਇਕ ਵਖਰੇ ਬੂਟੇ ਹੇਠ। ਬੂਟੇ, ਕਿਤਾਬਾਂ, ਪਾਤਰ ਸਭ ਵੱਡੇ। ਸੁਭਧਰਾਂ ਦੂਰੋਂ ਵਾਜ ਮਾਰ ਰਹੀ ਏ।

ਸੁਭਦਰਾਂ:- ਪੁਸ਼ਪਾ! ਮੰਨੂੰ! ਅਜੇ ਨਿੱਕੇ ਹੁੰਦਿਆਂ ਦੀ ਆਦਤ ਨਹੀਂ ਛੱਡਣੀ ? ਕਦੋਂ ਰੋਟੀ ਖਾਣੀ ਏਂ ਤੁਸੀਂ ?

ਮੰਨੂੰ:- ਮਾਂ! ਇੱਕੋ ਪਰਚਾ ਰਹਿ ਗਿਆ ਏ। ਡਾਕਟਰੀ 'ਚੋਂ ਫ਼ਸਟ ਆਵਾਂਗਾ, ਵੇਖਣਾ।

ਪੁਸ਼ਪਾ:— ਮੈਂ ਵੀ ਬੀ. ਏ. 'ਚੋਂ ਅੱਵਲ ਰਹਾਂਗੀ।

ਮੋਹਨ ਕਤਾਬਾਂ ਠਪਕੇ ਉਠਦਾ ਹੋਇਆ।

ਮੋਹਨ:- ਫ਼ਸਟ, ਸੈਕੰਡ, ਥਰਡ। ਇਹ ਦੁਨੀਆਂ ਦੀ ਦੌੜ ਏ। ਬੇਸ਼ਕ ਹਿੰਮਤ ਨਾਲ ਦੌੜਕੇ ਅੱਗੇ ਲੰਘੋ। ਪਰ ਮੁਕਾਬਲੇ 'ਤੇ ਦੌੜਨ ਵਾਲੇ ਦੇ ਰਾਹ ਵਿਚ ਕੰਡੇ ਖਿਲਾਰਕੇ ਅੱਗੇ ਲੰਘਣ ਦਾ ਯਤਨ ਨਾ ਕਰਨਾ। ਆਪਾਂ ਤਾਂ ਖਰੀ ਖਰੀ ਕਹਾਂਗੇ, ਕੌੜਾ ਸੱਚ।

**Fade out.**

Sri Satguru Jagjit Singh Ji eLibrary NamdhariElibrary@gmail.com

## ਸੀਨ ੨੨ *Fade in.*

ਸਮਾ—ਦਿਨ ਥਾਂ—ਨੰਦ ਦੀ ਕੋਠੀ ਪਾਤਰ--ਲਾਜ, ਕੌਸ਼ਲ

ਲਾਜ ਤੇ ਕੌਸ਼ਲ ਕੋਠੀ ਦੇ ਬਾਗ਼ੀਚੇ ਵਿਚ ਖੇਡ ਰਹੇ ਨੇ। ਲਾਜ ਫੁੱਲਾਂ ਦੇ ਬੂਟਿਆਂ ਵਿਚ ਲੁਕ ਜਾਂਦੀ ਏ। ਕੌਸ਼ਲ ਲੱਭਦਾ ਏ। ਦੋਵੇਂ ਹੱਸਦੇ ਨੇ।

ਕੌਸ਼ਲ— ਲਾਜ! ਤੂੰ ਹੱਸਦੀਏਂ, ਤਾਂ ਵੇਖਕੇ ਵਿਚਾਰੇ ਫੁੱਲ ਸ਼ਰਮਾ ਜਾਂਦੇ ਨੇ।

ਲਾਜ-- ਤਾਂ ਮੈਂ ਨਹੀਂ ਹੱਸਿਆ ਕਰਾਂਗੀ। ਪਰ ਤੁਸੀਂ ਜ਼ਰੂਰ ਹੱਸਿਆ ਕਰੋ।

ਕੌਸ਼ਲ-- ਕਿਉਂ?

ਲਾਜ-- ਤੁਹਾਡੇ ਹੱਸਣ ਨਾਲ ਮੁਰਝਾਏ ਹੋਏ ਫੁੱਲਾਂ 'ਤੇ ਵੀ ਖੇੜਾ ਆ ਜਾਂਦਾ ਏ।

ਦੋਵੇਂ-- (ਹੱਸਦੇ ਨੇ) ਹਾ-ਹਾ-ਹਾ।

ਜਾਂਦੇ ਨੇ। **Cut.**

## ਸੀਨ ੨੩ *Cut to cut*

ਸਮਾ— ਦਿਨ ਥਾਂ-- ਸੁਖ ਦੀ ਕੋਠੀ ਪਾਤਰ— ਪੁਸ਼ਪਾ, ਮੰਨੂੰ

ਕੋਠੀ ਦੇ ਬਗੀਚੇ ਵਿਚ ਪੁਸ਼ਪਾ ਤੇ ਮੰਨੂੰ ਖਲੇ ਨੇ। ਪੁਸ਼ਪਾ ਮੰਨੂੰ ਦੇ ਕੋਟ ਨਾਲ ਫੁੱਲ ਟੰਗ ਰਹੀ ਏ। ਦੋਵੇਂ ਹੱਸਦੇ ਨੇ।

ਦੋਵੇਂ— ਹਾ-ਹਾ-ਹਾ।

ਪੁਸ਼ਪਾ— ਤੂੰ ਡਾਕਟਰੀ 'ਚੋਂ ਪਾਸ ਹੋ ਗਿਆ ਏਂ। ਮੈਂ ਹੁਣ ਤੈਨੂੰ ਡਾਕਟਰ ਮਨੋਹਰ ਕਿਹਾ ਕਰਾਂਗੀ।

Sri Satguru Jagjit Singh Ji eLibrary NamdhariElibrary@gmail.com

ਮਨੂੰ– ਮੈਨੂੰ ਫੇਰ ਮੰਨੂੰ ਕੌਣ ਕਿਹਾ ਕਰੂ ? ਉਹ ! ਜਵਾਨੀ ਨੇ ਸਾਥੋਂ ਬਚਪਨ ਵੀ ਖੋਹ ਲਿਆ ਏ।

ਪੁਸ਼ਪਾ– ਦੁਨੀਆਂ ਵਿਚ ਸਦਾ ਕੁਛ ਦੇਕੇ ਹੀ ਕੁਛ ਮਿਲਦਾ ਹੈ। ਸੋ ਜਵਾਨੀ ਬਦਲੇ ਵੀ ਕਵਾਰਾ ਬਚਪਨ ਦੇਣਾ ਪੈਂਦਾ ਏ।

ਦੋਵੇਂ– (ਹੱਸਦੇ ਨੇ) ਹਾ-ਹਾ-ਹਾ।

ਜਾਂਦੇ ਨੇ। **Cut**

## ਸੀਨ ੨੪ *Cut to cut*

ਸਮਾ– ਦਿਨ ਥਾਂ– ਦਰਿਆ ਪਾਤਰ– ਲਾਜ, ਕੌਸ਼ਲ।

ਵਗਦੇ ਦਰਿਆ ਵਿਚ ਲਾਜ ਤੇ ਕੌਸ਼ਲ ਬੇੜੀ ਤਾਰ ਰਹੇ ਨੇ। ਇਕ ਦੂਜੇ ਉਤੇ ਪਾਣੀ ਦੇ ਛੱਟੇ ਮਾਰਦੇ ਨੇ ਤੇ ਦੋਵੇਂ ਮਿਲਕੇ ਗੀਤ [ਡਿਊਟ] ਗਾਉਂਦੇ ਨੇ।

### ਗੀਤ

ਲਾਜ– ਆ ਰਲ ਮਿਲ ਹੱਸੀਏ ਗਾਈਏ
ਕੌਸ਼ਲ– ਕੋਈ ਦੁਨੀਆਂ ਨਵੀਂ ਵਸਾਈਏ
ਲਾਜ– ਇਸ ਨੈਂ ਦੇ ਪਾਰ ਕਿਨਾਰੇ, ਲੋਕਾਂ ਤੋਂ ਦੂਰ ਨਿਆਰੇ
ਕੌਸ਼ਲ– ਮੈਂ ਤੇ ਤੂੰ-ਦੋਵੇਂ-ਪਿਆਰੇ, ਦੱਲ ਪ੍ਰੇਮ ਦੀ ਕੁਟੀਆ ਪਾਈਏ

ਲਾਜ-- ਆ ਰਲ ਮਿਲ ਹੱਸੀਏ ਗਾਈਏ
ਕੌਸ਼ਲ-- ਕੋਈ ਦੁਨੀਆਂ ਨਵੀਂ ਵਸਾਈਏ
ਲਾਜ-- ਉਹ ਕਾਅਬਾ, ਉਹ ਬੁਤਖ਼ਾਨਾ, ਉਹ ਰੱਬ ਦਾ ਸਮਝ ਟਿਕਾਣਾ

Sri Satguru Jagjit Singh Ji eLibrary NamdhariElibrary@gmail.com

ਕੌਸ਼ਲ-- ਵਿਚ ਪੜ੍ਹੀਏ ਪ੍ਰੇਮ-ਤਰਾਨਾ, ਤੇ ਪਿਆਰ ਦੀ ਜੋਤ
ਜਗਾਈਏ

ਲਾਜ-- ਆ ਰਲ ਮਿਲ ਹੱਸੀਏ ਗਾਈਏ

ਕੌਸ਼ਲ-- ਕੋਈ ਦੁਨੀਆਂ ਨਵੀਂ ਵਸਾਈਏ

ਲਾਜ-- ਉਸ ਪ੍ਰੇਮ-ਮੰਦਰ ਦੀ ਜੈ ਹੋ, ਨਾ ਹੋਰ ਕਿਸੇ ਦਾ ਭੈ ਹੋ।

ਕੌਸ਼ਲ-- ਵਰਤੀਦੀ ਪਿਆਰ ਦੀ ਮੈ ਹੋ, ਪੀ ਮਸਤ ਹੋਈਏ
ਰੰਗ ਲਾਈਏ

ਲਾਜ-- ਆ ਰਲ ਮਿਲ ਹੱਸੀਏ ਗਾਈਏ

ਕੌਸ਼ਲ-- ਕੋਈ ਦੁਨੀਆਂ ਨਵੀਂ ਵਸਾਈਏ

ਦੋਵੇਂ-- 'ਸੀਤਲ' ਰਲ ਦੋਵੇਂ ਵੱਸੀਏ, ਖ਼ੁਸ਼ੀਆਂ ਵਿਚ ਹੱਸੀਏ
ਰੱਸੀਏ

ਨਾ ਭੇਦ ਕਿਸੇ ਨੂੰ ਦੱਸੀਏ, ਨਾਂ ਸਾਂਝ ਕਿਸੇ ਨਾਲ
ਪਾਈਏ

ਆ ਰਲ ਮਿਲ ਹੱਸੀਏ ਗਾਈਏ

ਕੌਸ਼ਲ-- ਕੋਈ ਦੁਨੀਆਂ ਨਵੀਂ ਵਸਾਈਏ

ਕੌਸ਼ਲ-- (ਲਾਜ ਦਾ ਹੱਥ ਫੜਕੇ) ਲਾਜ! ਤੂੰ ਅਖ਼ੀਰੀ ਸਥਾਈ
ਵਿਚ ਚੁੱਪ ਕਿਉਂ ਕਰ ਗਈ? ਕੀ ਤੂੰ ਨਵੀਂ ਦੁਨੀਆਂ
ਵਸਾਉਣ ਵਿਚ ਮੇਰਾ ਸਾਥ ਨਹੀਂ ਦੇਣਾ ਚਾਹੁੰਦੀ?

ਲਾਜ-- ਇਹ ਗੱਲ ਕੁੜੀਆਂ ਤੋਂ ਨਹੀਂ, ਕੁੜੀਆਂ ਦੇ ਮਾਪਿਆਂ
ਤੋਂ ਪੁਛਣੀ ਚਾਹੀਦੀ ਏ। ਇਹ ਪੰਜਾਬ ਏ।

ਕੌਸ਼ਲ-- ਤਾਂ ਮੈਂ ਅਜੇ ਚਲਕੇ ਮਾਂ ਜੀ ਤੋਂ ਪੁਛਦਾ ਹਾਂ।

**Cut**

Sri Satguru Jagjit Singh Ji eLibrary NamdhariElibrary@gmail.com

## ਸੀਨ ੨੫ *Cut to cut*

ਸਮਾ—ਦਿਨ ਥਾਂ—ਸੁਖ ਦੀ ਕੋਠੀ ਪਾਤਰ—ਸੁਖ, ਮਨੋਹਰ।

ਸੁਖਦਿਆਲ ਆਪਣੇ ਖ਼ਾਸ ਕਮਰੇ ਵਿਚ ਬੈਠਾ ਏ। ਸਾਮਣੇ ਮਨੋਹਰ ਕੁਰਸੀ 'ਤੇ ਬੈਠਾ ਏ। ਸੁਖਦਿਆਲ ਖ਼ੁਸ਼ ਏ, ਪਰ ਮਨੋਹਰ ਉਦਾਸ ਏ।

ਸੁਖਦਿਆਲ— ਬੇਟਾ ਮਨੋਹਰ! ਤੈਨੂੰ ਪਤਾ ਈ ਏ, ਕਿ ਪੁਸ਼ਪਾ ਦਾ ਵਿਆਹ ਛੇਤੀ ਹੋਣ ਵਾਲਾ ਏ। ਉਹਦੀ ਮਾਂ ਰਾਏ ਬਹਾਦਰ ਨੰਦ ਕਸ਼ੋਰ ਦੇ ਘਰ ਦਿਨ ਪੱਕਾ ਕਰਨ ਗਈ ਹੋਈ ਏ। ਮੋਹਨ ਤਾਂ ਦੀਵਾਨਾ ਏਂ, ਨਿਰਾ ਸਨਕੀ। ਸੋ ਸਾਰਥ ਦਾ ਸਾਰਾ ਕੰਮ ਤੂੰਹੇਂ ਨਿਭਾਉਣਾ ਏਂ।

ਮਨੋਹਰ— (ਬੜਾ ਔਖ ਹੋਕੇ) ਚੰਗਾ, ਜੀ!

ਜਾਂਦਾ ਏ। **Cut.**

## ਸੀਨ ਨੰ. ੨੬ *Cut to Cut.*

ਸਮਾ—ਦਿਨ ਥਾਂ—ਨੰਦ ਦੀ ਕੋਠੀ ਪਾਤਰ— ਸੁਮਿਤਰਾਂ, ਸੁਭਦਰਾਂ, ਲਾਜ, ਕੌਸ਼ਲ।

ਸੁਮਿਤਰਾਂ ਤੇ ਸੁਭਦਰਾਂ ਸਜੀ ਹੋਈ ਬੈਠਕ ਵਿਚ ਬੈਠੀਆਂ ਨੇ। ਇਕ ਪਾਸੇ ਤ੍ਰਿਪਾਈ ਉਤੇ ਜੂਠੇ ਭਾਂਡੇ ਪਏ ਨੇ, ਜਿਵੇਂ ਕੁਛ ਖਾਕੇ ਹਟੀਆਂ ਨੇ।

ਸੁਮਿਤਰਾਂ— ਚੰਗਾ ਜੀ! ਸਾਨੂੰ ਏਹਾ ਸਾਹਿਆ ਪਰਵਾਨ ਏਂ।

ਸੁਭਦਰਾਂ— ਹੋਰ, ਜੀ! ਇਹ ਭਾਰ ਸਿਰੋਂ ਲਹੇ ਤੇ ਅਸੀਂ ਵੀ ਸੁਰਖ਼ਰੂ ਹੋਈਏ।

ਲਾਜ ਤੇ ਕੌਸ਼ਲ ਅੰਦਰ ਆਕੇ ਸੁਭਦਰਾਂ ਦੇ ਗੋਡੀ ਹੱਥ ਲਾਉਂਦੇ ਨੇ।

Sri Satguru Jagjit Singh Ji eLibrary NamdhariElibrary@gmail.com

ਸੁਭਦਰਾਂ— (ਦੋਹਾਂ ਨੂੰ ਪਿਆਰ ਦੇ ਕੇ) ਵੱਡੀ ਵੱਡੀ ਉਮਰ ਹੋਵੇ।

ਲਾਜ ਤੇ ਕੌਸ਼ਲ ਜਾਂਦੇ ਨੇ।

ਸੁਭਦਰਾਂ— ਭੈਣ ਜੀ! ਦੁਨੀਆਂ ਕਿਸੇ ਤਰ੍ਹਾਂ ਦੀ ਹੋ ਗਈ ਏ। ਹੁਣ ਲਾਜ ਤੇ ਕੌਸ਼ਲ ਜਵਾਨ ਹੋ ਗਏ ਨੇ। ਏਸ ਉਮਰ ਇਹਨਾਂ ਦਾ ਹਰ ਵੇਲੇ ਕੱਠਿਆਂ ਫਿਰਨਾ ਚੰਗਾ ਨਹੀਂ ਲਗਦਾ।.....(ਉਠਣ ਵਾਸਤੇ ਦੋਵੇਂ ਹੱਥ ਜੋੜਕੇ) ਹੱਛਾ ਫਿਰ, ਹੁਣ ਔਗਿਆ ਏ?

ਦੋਵੇਂ ਜਣੀਆਂ ਉਠਕੇ ਜਾਂਦੀਆਂ ਨੇ।

**Cut.**

## ਸੀਨ ੨੭

*Cut to cut.*

ਸਮਾਂ—ਦਿਨ     ਥਾਂ—ਸੁਖ ਦੀ ਕੋਠੀ     ਪਾਤਰ—ਮੋਹਨ, ਮਨੋਹਰ

ਮਨੋਹਰ ਆਪਣੇ ਕਮਰੇ ਵਿਚ ਕੁਰਸੀ 'ਤੇ ਉਦਾਸ ਬੈਠਾ ਏ। ਪੱਟ ਉੱਤੇ ਖੱਬੀ ਅਰਕ ਰਖਕੇ ਹੱਥ ਉਤੇ ਸਿਰ ਰਖਿਆ ਹੋਇਆ ਹੈ। ਮੋਹਨ ਬੂਹੇ ਵਿਚ ਆਕੇ ਕਹਿੰਦਾ ਏ।

ਮੋਹਨ— ਔਗਿਆ ਏ, ਡਾਕਟਰ ਸਾਹਿਬ!

ਮਨੋਹਰ— (ਸਿਰ ਚੁਕ ਕੇ) ਆਈਏ, ਫ਼ਿਲਾਸਫ਼ਰ ਜੀ!

ਮੋਹਨ ਅੰਦਰ ਆ ਕੇ, ਮਨੋਹਰ ਦੇ ਮੋਢੇ 'ਤੇ ਹੱਥ ਧਰ ਕੇ।

ਮੋਹਨ— ਤੂੰ ਡਾਕਟਰੀ ਵਿਚੋਂ ਤਾਂ ਪਾਸ ਹੋ ਗਿਆ ਏਂ, ਪਰ ਮਲੂਮ ਹੁੰਦਾ ਏ, ਜੀਵਨ ਦੀ ਦੌੜ ਵਿਚੋਂ ਹਾਰ ਗਿਆ ਏਂ। ਆਪਾਂ ਤਾਂ ਖਰੀ ਖਰੀ ਕਹਾਂਗੇ, ਕੌੜਾ ਸੱਚ।

ਮਨੋਹਰ— (ਹਉਕਾ ਭਰਕੇ) ਠੀਕ ਈ ਮੈਂ ਹਾਰ ਗਿਆ ਹਾਂ, ਮੇਰੇ

Sri Satguru Jagjit Singh Ji eLibrary     NamdhariElibrary@gmail.com

ਪਿਆਰੇ ਮੋਹਨ !

ਮੋਹਨ– (ਗੁੱਸੇ ਨਾਲ) ਮੈਨੂੰ ਤੇਰੀਆਂ ਇਹ ਗੱਲਾਂ ਪਸੰਦ ਨਹੀਂ।

ਜਾਂਦਾ ਏ। Cut.

## ਸੀਨ ੨੯ *Cut to Cut.*

ਸਮਾ–ਦਿਨ ਥਾਂ–ਨੰਦ ਦੀ ਕੋਠੀ ਪਾਤਰ–ਕੌਸ਼ਲ, ਸੁਮਿਤਰਾਂ

ਕੌਸ਼ਲ ਆਵਦੇ ਕਮਰੇ ਵਿਚ ਬੈਠਾ ਲਾਜ ਦੀ ਫ਼ੋਟੋ ਦੇ ਚੌਖਟੇ ਨੂੰ ਠੀਕ ਕਰ ਰਿਹਾ ਏ। ਸੁਮਿਤਰਾਂ ਅੰਦਰ ਆਕੇ ਕੌਸ਼ਲ ਦੇ ਹੱਥ ਵਿਚੋਂ ਲਾਜ ਦੀ ਫ਼ੋਟੋ ਫੜਕੇ, ਵੇਖਕੇ ਤੇ ਮੇਜ਼ 'ਤੇ ਰਖਕੇ।

ਸੁਮਿਤਰਾਂ– ਮੈਨੂੰ ਤੇਰੀਆਂ ਇਹ ਗੱਲਾਂ ਪਸੰਦ ਨਹੀਂ, ਕੌਸ਼ਲ ! ਤੂੰ ਹੁਣ ਜਵਾਨ ਹੋ ਗਿਆ ਏਂ। ਹਰਵੇਲੇ ਲਾਜ ਨਾਲ ਕੱਲ੍ਹਾ ਨਾ ਫਿਰਿਆ ਕਰ।

ਲ– ਪਰ ਮਾਂ ! ਇਹਦੇ ਵਿਚ ਡਰ ਕੀ ਏ ? ਮੈਂ ਤਾਂ ਅੱਜ ਆਪ ਤੁਹਾਨੂੰ ਪੁਛਣ ਵਾਲਾ ਸਾਂ। ਮੈਂ ਲਾਜ ਨਾਲ ਵਿਆਹ ਕਰਾਉਣਾ ਚਾਹੁੰਦਾ ਹਾਂ।

ਸੁਮਿਤਰਾਂ– (ਗੁੱਸੇ ਨਾਲ) ਤੇਰਾ ਵਿਆਹ ਪੁਸ਼ਪਾ ਨਾਲ ਹੋਣਾ ਪੱਕਾ ਹੋ ਚੁੱਕਾ ਏ। ਲਾਜ ਨਾਲ ਵਿਆਹ ਦੇ ਸੁਪਨੇ ਖ਼ੁਸ਼ੀ ਲੈ। ਇਹ ਕਦੇ ਨਹੀਂ ਹੋ ਸਕਦਾ।

ਕੌਸ਼ਲ ਉਠ ਖਲੋਂਦਾਏ ਘਾਬਰਕੇ। ਸੁਮਿਤਰਾਂ ਜਾਂਦੀ ਏ।

Cut.

## ਸੀਨ ੨੯ *Cut to cut.*

ਸਮਾਂ–ਦਿਨ ਥਾਂ–ਸੁਖ ਦੀ ਕੋਠੀ ਪਾਤਰ–ਪੁਸ਼ਪਾ, ਮੰਨੂ

ਡਾ: ਮਨੋਹਰ (ਮੰਨੂ) ਆਪਣੇ ਕਮਰੇ ਵਿਚ ਸਾਮਾਨ ਬੰਨ੍ਹ ਰਿਹਾ ਏ। ਪੁਸ਼ਪਾ ਆਣ ਕੇ ਬੂਹਾ ਰੋਕ ਖਲੋਂਦੀ ਏ।

ਪੁਸ਼ਪਾ– ਇਹ ਕਦੇ ਨਹੀਂ ਹੋ ਸਕਦਾ, ਮੰਨੂ। ਮੈਂ ਤੈਨੂੰ

Sri Satguru Jagjit Singh Ji eLibrary NamdhariElibrary@gmail.com

ਨਹੀਂ ਜਾਣ ਦਿਆਂਗੀ।

ਮਨੋਹਰ— ਪਰ ਮੈਂ ਹੁਣ ਰਹਿ ਵੀ ਕਿਵੇਂ ਸਕਦਾ ਹਾਂ, ਪੁਸ਼ਪਾ! ਮੈਂ ਅਣਹੋਏ ਸੁਪਨੇ ਵੇਖਦਾ ਰਿਹਾ ਹਾਂ। ਤੇ ਗ਼ਰੀਬਾਂ ਦੇ ਸੁਪਨੇ ਸੱਚ ਨਹੀਂ ਹੋਇਆ ਕਰਦੇ।

ਦੋਵੇਂ ਨੀਵੀਂ ਪਾਈ ਖਲੋ ਹੰਝੂ ਕੇਰ ਰਹੇ ਨੇ।

Cut.

## ਸੀਨ ੩੦ *Cut to Cut.*

ਸਮਾਂ—ਦਿਨ ਥਾਂ—ਨੰਦ ਦੀ ਕੋਠੀ ਪਾਤਰ—ਨੰਦ, ਸੁਮਿਤਰਾਂ

ਆਪਣੇ ਕਮਰੇ ਵਿਚ ਨੰਦ ਕਸ਼ੋਰ ਤੇ ਸੁਮਿਤਰਾਂ ਖਲੋ ਨੇ। ਨੰਦ ਕਸ਼ੋਰ ਬਹੁਤ ਗੁੱਸੇ ਹੈ।

ਨੰਦ ਕਸ਼ੋਰ— (ਭੋਇੰ 'ਤੇ ਪੈਰ ਮਾਰਕੇ, ਗੁੱਸੇ ਨਾਲ) ਇਹ ਸੁਪਨੇ ਸੱਚ ਨਹੀਂ ਹੋਣ ਦਿਆਂਗਾ ਮੈਂ। ਕੌਣ ਹੁੰਦਾ ਏ ਉਹ ਲਾਜ ਨਾਲ ਵਿਆਹ ਕਰਾਉਣ ਵਾਲਾ? ਉਹਨੂੰ ਪੁਸ਼ਪਾ ਨਾਲ ਵਿਆਹ ਕਰਾਉਣਾ ਪਵੇਗਾ। ਮੈਂ ਹੁਣੇ ਜਾਨਾਂ ਉਹਦੇ ਵੱਲ।

ਜਾਣ ਲਗਦਾ ਏ, ਤਾਂ ਸੁਮਿਤਰਾਂ ਰੋਕ ਲੈਂਦੀ ਏ।

ਸੁਮਿਤਰਾਂ— ਕਾਹਲੇ ਨਾ ਪਵੋ। ਜਵਾਨ ਪੁੱਤਰ ਨਾਲ ਕੌੜੇ ਨਹੀਂ ਹੋਈਦਾ। ਤੁਸੀਂ ਉਸਨੂੰ ਸਮਝਾਓ ਤੇ ਮੈਂ ਲਾਜ ਨੂੰ ਸਮਝਾਉਂਦੀ ਆਂ। ਹੁਣ ਸਾਨੂੰ ਕੁਛ ਅਕਲ ਤੋਂ ਕੰਮ ਲੈਣਾ ਚਾਹੀਦਾ ਏ।

ਦੋਵੇਂ ਜਾਂਦੇ ਨੇ।

Cut

Sri Satguru Jagjit Singh Ji eLibrary NamdhariElibrary@gmail.com

## ਸੀਨ ੩੧ *Cut to cut.*

ਸਮਾਂ—ਦਿਨ ਥਾਂ—ਸੁਖ ਦੀ ਕੋਠੀ ਪਾਤਰ—ਪੁਸ਼ਪਾ, ਮੋਹਨ, ਸੁਖ., ਸੁਭਦਰਾਂ।

ਪੁਸ਼ਪਾ ਆਪਣੇ ਕਮਰੇ ਵਿਚ ਬੈਠੀ ਰੋ ਰਹੀ ਏ। ਸੁਭਦਰਾਂ ਅੰਦਰ ਆ ਕੇ।

ਸੁਭਦਰਾਂ— ਤੈਨੂੰ ਕੁਛ ਅਕਲ ਤੋਂ ਕੰਮ ਲੈਣਾ ਚਾਹੀਦਾ ਏ। ਮੈਂ ਸਭ ਕੁਛ ਸੁਣ ਬੈਠੀ ਆਂ। ਸਾਨੂੰ ਕਿਤੇ ਖਲੋਣ ਜੋਗੇ ਛਡਣਾ ਈਂ, ਕਿ ਨਹੀਂ? ਨੀ, ਉਹ ਰਾਏ ਬਹਾਦਰ ਦਾ ਲੜਕਾ ਤੇ ਇਹ ਇਕ ਨੌਕਰ ਦਾ। ਤੈਨੂੰ ਲਾਜ ਨਾ ਆਈ ਇਹ ਚੋਣ ਕਰਦਿਆਂ?

ਪੁਸ਼ਪਾ— (ਅੱਖੀਂ ਪੂੰਝ ਕੇ) ਮਾਂ! ਹੈ ਤਾਂ ਇਹ ਨੌਕਰ ਦਾ ਲੜਕਾ ਈ, ਪਰ ਹੈ ਓਸ ਨੌਕਰ ਦਾ, ਜਿਸ ਨੇ ਏਸ ਘਰ ਦੇ ਬਦਲੇ ਜਾਨ ਦੀ ਕੁਰਬਾਨੀ ਦਿਤੀ ਸੀ।

ਸੁਭਦਰਾਂ— ਤਾਂ ਅਸਾਂ ਥੋੜੀ ਕੁਰਬਾਨੀ ਕੀਤੀ ਏ? ਇਕ ਯਤੀਮ ਕੰਗਾਲ ਨੂੰ ਪੜ੍ਹਾਕੇ ਡਾਕਟਰ ਬਣਾ ਦਿਤਾ ਏ।

ਪੁਸ਼ਪਾ— ਤੁਹਾਡੀ ਕੁਰਬਾਨੀ ਤਾਂ ਬਹੁਤ ਈ ਵੱਡੀ ਏ। ਅਮੀਰ ਚਾਰ ਪੈਸਿਆਂ ਦੀ ਕੁਰਬਾਨੀ ਕਰਕੇ ਅਸਮਾਨ ਸਿਰ 'ਤੇ ਚੁੱਕ ਲੈਂਦਾ ਏ, ਪਰ ਗ਼ਰੀਬ ਆਪਣੇ ਪ੍ਰਾਣਾਂ ਦੀ ਕੁਰਬਾਨੀ ਦੇ ਕੇ ਵੀ ਨਾਂ ਨਹੀਂ ਲੈਂਦਾ।

ਸੁਭਦਰਾਂ ਪੁਸ਼ਪਾ ਦੇ ਕੋਲ ਬਹਿਕੇ ਤੇ ਉਸ ਦੇ ਮੋਢੇ ਉਤੇ ਹੱਥ ਫੇਰਦੀ ਹੋਈ ਨਰਮੀ ਨਾਲ।

ਸੁਭਦਰਾਂ— ਪਰ, ਪੁੱਤਰ! ਇਹ ਤਾਂ ਸੋਚ, ਕਿੱਥੇ ਰਾਜਾ ਭੋਜ ਤੇ

Sri Satguru Jagjit Singh Ji eLibrary NamdhariElibrary@gmail.com

ਕਿੱਥੇ ਗਾਂਗਾ ਤੇਲੀ ? ਇਕ ਪਾਸੇ ਕੌਸ਼ਲ, ਜਿਸ ਦੇ ਖ਼ਾਨਦਾਨ ਨੂੰ ਤਿੰਨਾ ਪੀੜ੍ਹੀਆਂ ਤੋਂ 'ਰਾਏ ਬਹਾਦਰ' ਦਾ ਖ਼ਿਤਾਬ ਚਲਿਆ ਆਉਂਦਾ ਏ; ਤੇ ਇਕ ਪਾਸੇ ਲਾਵਾਰਸ ਮੰਨੂ, ਜਿਸ ਦੀ ਜ਼ਾਤ ਪਾਤ ਦਾ ਵੀ ਪਤਾ ਨਹੀਂ ।

ਮੋਹਨ ਅੰਦਰ ਆਉਂਦਾ ਏ।

ਮੋਹਨ– ਜ਼ਾਤ ਪਾਤ ? ਅਜੇ ਜ਼ਾਤ ਪਾਤ ਦਾ ਵਹਿਮ ਗਿਆ ਨਹੀਂ ? ਦੁਨੀਆਂ ਕਿੱਥੇ ਪਹੁੰਚ ਗਈ ਏ ਤੇ ਤੁਸੀਂ ਅਜੇ ਕਿੱਥੇ ਖਲੇ ਓ ? ਏਸ ਜ਼ਾਤ ਪਾਤ ਦੇ ਬੰਧਨ ਨੇ ਸਾਡੇ ਮੁਲਕ ਨੂੰ ਨਰਕ ਬਣਾ ਛਡਿਆ ਏ । ਛੱਡੋ ਏਸ ਲੋਕਲਾਜ ਨੂੰ । ਇਨਸਾਨ ਦੀ ਕੋਈ ਜ਼ਾਤਪਾਤ ਨਹੀਂ । ਬੱਸ, ਇਨਸਾਨ ਇਨਸਾਨ ਹੈ ।

ਸੁਖਦਿਆਲ ਆਉਂਦਾ ਏ ।

ਸੁਖਦਿਆਲ– (ਗੁਸੇ ਨਾਲ) ਏ ਉਪਦੇਸ਼ਕ ਸਾਹਿਬ ! ਬੰਦ ਕਰੋ ਏਸ ਲੇਕਚਰ ਨੂੰ । ਇਹ ਅੱਗ ਕੀਹਦੀ ਲਾਈ ਹੋਈ ਏ ? ਨਿਕਲ ਜਾ ਏਥੋਂ, ਨਿਖੱਟੂ ਕਿਸੇ ਥਾਂ ਦਾ ।

ਮੋਹਨ– ਚਾਰ ਜ਼ਿੰਦਗੀਆਂ ਦੀ ਕੁਰਬਾਨੀ ਦੇ ਕੇ ਤੁਸੀਂ ਵੀ ਸੁਖੀ ਨਹੀਂ ਰਹਿ ਸਕੋਗੇ । ਆਪਾਂ ਤਾਂ ਖਰੀ ਖਰੀ ਕਹਾਂਗੇ, ਕੌੜਾ ਸੱਚ ।

ਜਾਂਦਾ ਏ।

ਸੁਖਦਿਆਲ–ਵਿਆਹ ਓਥੇ ਈ ਹੋਵੇਗਾ, ਜਿੱਥੇ ਮੈਂ ਬਚਨ ਦਿੱਤਾ ਹੋਇਆ ਏ । ਆਪਣੀ ਲੋਕਲਾਜ ਰਖਣ

Sri Satguru Jagjit Singh Ji eLibrary NamdhariElibrary@gmail.com

ਬਦਲੇ ਚਾਰ ਛਡਿਆ, ਚਾਰ ਲੱਖ ਜ਼ਿੰਦਗੀਆਂ ਦੀ ਕੁਰਬਾਨੀ ਦੇਣੀ ਪਵੇ, ਤਾਂ ਮੈਂ ਦਿਆਂਗਾ।

Cut.

## ਸੀਨ ੩੨

*Cut to cut.*

ਸਮਾਂ—ਦਿਨ ਥਾਂ—ਨੰਦ ਦੀ ਕੋਠੀ ਪਾਤਰ—ਨੰਦ, ਕੌਸ਼ਲ

ਕੌਸ਼ਲ ਆਪਣੇ ਕਮਰੇ ਵਿਚ ਉਦਾਸ ਬੈਠਾ ਏ। ਨੰਦ ਕਸ਼ੋਰ ਗੁੱਸੇ ਵਿਚ ਭਰਿਆ ਅੰਦਰ ਆਉਂਦਾ ਏ। ਕੌਸ਼ਲ ਉਠਕੇ ਖਲੋ ਜਾਂਦਾ ਏ।

ਨੰਦ ਕਸ਼ੋਰ— ਜ਼ਿੰਦਗੀ ਦੀ ਕੁਰਬਾਨੀ ਦੇ ਦਿਆਂਗਾ ਮੈਂ, ਪਰ ਇਹ ਗੱਲ ਨਹੀਂ ਹੋਣ ਦਿਆਂਗਾ। ਤੇਰਾ ਵਿਆਹ ਪੁਸ਼ਪਾ ਨਾਲ ਈ ਹੋਵੇਗਾ।

ਕੌਸ਼ਲ— ਪਰ, ਪਿਤਾ ਜੀ!.......।

ਨੰਦ ਕਸ਼ੋਰ— ਚੁਪ ਰਹੁ। ਇਹ ਮੈਨੂੰ ਨੇਕੀ ਦਾ ਬਦਲਾ ਮਿਲਿਆ ਏ।

ਜਾਂਦਾ ਏ। Cut.

## ਸੀਨ ੩੩

*Cut to cut.*

ਸਮਾਂ—ਦਿਨ ਥਾਂ—ਨੰਦ ਦੀ ਕੋਠੀ ਪਾਤਰ—ਲਾਜ, ਕੌਸ਼ਲ, ਸੁਮਿਤਰਾਂ

ਲਾਜ ਆਪਣੇ ਕਮਰੇ ਵਿਚ ਸ਼ੀਸ਼ੇ ਸਾਮ੍ਹਣੇ ਬੈਠੀ ਵਾਲ ਵਾਹ ਰਹੀ ਏ ਤੇ ਗਾਉਂਦੀ ਏ।

ਗਾਣਾਂ— ਹਸਦੀ ਜਵਾਨੀ ਵੇਖ ਸ਼ੀਸ਼ਾ ਸ਼ਰਮਾਏ,
ਹਾਏ ਆਪਣੀ ਨਜ਼ਰ ਲਗ ਜਾਏ ਨਾ।
ਸ਼ੀਸ਼ੇ ਵਿਚੋਂ ਦਿੱਸੇ ਕੋਈ ਆਪਣੀ ਨੁਹਾਰ ਦਾ

Sri Satguru Jagjit Singh Ji eLibrary NamdhariElibrary@gmail.com

ਅੰਗ ਅੰਗ ਉਤੇ ਰੰਗ ਝਲਕੇ ਪਿਆਰ ਦਾ
ਲੁਕ ਲੁਕ ਕੋਈ ਮੁਸਕਾਏ,
ਹਾਏ ਆਪਣੀ ਨਜ਼ਰ ਲਗ ਜਾਏ ਨਾ।
ਪਤਾ ਨਹੀਂ, ਕਿ ਮੇਰੇ ਉਤੇ ਚੰਨ ਜੀ ਦਾ ਰੂਪਏ
ਪਤਾ ਨਹੀਂ ਕਿ ਓਹੀ ਮੇਰਾ ਆਪਣਾ ਸਰੂਪਏ
ਵੇਖਿਆਂ ਭੁਲੇਖਾ ਲਗ ਜਾਏ,
ਹਾਏ ਆਪਣੀ ਨਜ਼ਰ ਲਗ ਜਾਏ ਨਾ।
ਖ਼ੁਸ਼ੀ ਦੇ ਮੈਂ ਭਾਰ ਹੇਠਾਂ ਦੱਬੀ ਦੱਬੀ ਜਾਂਦੀ ਆਂ
ਉਤੋਂ ਉਤੋਂ ਹੱਸਦੀ ਤੇ ਵਿਚੋਂ ਘਬਰਾਂਦੀ ਆਂ
ਸੱਚ ਸੁਪਨਾ ਨਾ ਬਣ ਜਾਏ,
ਹਾਏ ਆਪਣੀ ਨਜ਼ਰ ਲਗ ਜਾਏ ਨਾ।
ਹੱਸਦੀ ਜਵਾਨੀ ਵੇਖ ਸ਼ੀਸ਼ਾ ਸ਼ਰਮਾਏ,
ਹਾਏ, ਆਪਣੀ ਨਜ਼ਰ ਲਗ ਜਾਏ ਨਾ।

ਸੁਮਿਤਰਾਂ ਗੁਸੇ ਭਰੀ ਅੰਦਰ ਆਉਂਦੀ ਏ।

ਸੁਮਿਤਰਾਂ— ਲਾਜ! ਤੂੰ ਮੈਨੂੰ ਨੇਕੀ ਦਾ ਏਹਾ ਬਦਲਾ ਦੇਣਾ ਸੀ? ਨਿੱਕੀ ਜੇਹੀ ਨੂੰ ਤੈਨੂੰ ਮਾਂ-ਮਹਿੱਟਰ ਨੂੰ ਪਾਲਿਆ, ਮੰਗਤੀ ਨੂੰ ਤਖ਼ਤ 'ਤੇ ਬਿਠਾ ਦਿੱਤਾ, ਧੀ ਬਣਾਕੇ ਲਾਡ ਲਡਾਏ, ਲਿਖਾ ਪੜ੍ਹਾਕੇ ਬੀ. ਏ. ਕੀਤਾ; ਤੇ ਤੂੰ ਮੇਰੇ ਈ ਕਲੇਜੇ ਨੂੰ ਰੁੱਗ ਭਰ ਲਿਆ? ਮੇਰੇ ਈ ਪੁੱਤਰ 'ਤੇ ਜਾਦੂ ਪਾਲਿਆ? ਇਕ ਘਰ ਤਾਂ ਡੈਣ ਵੀ ਛਡ ਲੈਂਦੀ ਏ। ਤੂੰ ਤਾਂ ਉਸ ਨਾਲੋਂ ਵੀ ਵਧ ਗਈਓਂ। ਯਾਦ ਰਖ, ਇਕ ਮਾਂ

Sri Satguru Jagjit Singh Ji eLibrary NamdhariElibrary@gmail.com

ਦੀਆਂ ਆਂਦਰਾਂ ਨੂੰ ਕਲਪਾਕੇ ਕਦੇ ਸੁਖ ਨਹੀਂ ਪਾਵੇਂਗੀ ।

ਲਾਜ– (ਸੁਮਿਤਰਾਂ ਦੇ ਮੂੰਹ ਅਗੇ ਹੱਥ ਦੇਕੇ) ਮਾਂ ਜੀ ! ਹੋਰ ਨਾ ਕਹੋ ।

ਲਾਜ ਦੋਹਾਂ ਹੱਥਾਂ ਨਾਲ ਕਲੇਜਾ ਫੜਕੇ ਬਹਿ ਜਾਂਦੀ ਏ । ਅੱਖਾਂ ਵਿਚੋਂ ਹੰਝੂ ਕਿਰਦੇ ਨੇ ।

ਸੁਮਿਤਰਾਂ– ਅਜੇ ਵੀ ਤੂੰ ਮੈਨੂੰ ਮਾਂ ਕਹਿੰਦੀਏਂ ? ਮੈਥੋਂ ਮੇਰਾ ਪੁੱਤਰ ਖੋਹਕੇ ਵੀ ਮੈਨੂੰ ਮਾਂ ਕਹਿੰਦੀ ਏਂ ?

ਲਾਜ– ਮੈਂ ਤੁਹਾਡਾ ਪੁੱਤਰ ਨਹੀਂ ਖੋਹਾਂਗੀ । ਮੈਂ 'ਮਾਂ' ਕਹੇ ਦੀ ਲਾਜ ਪਾਲਾਂਗੀ ।

ਸੁਮਿਤਰਾਂ ਲਾਜ ਨੂੰ ਜੱਫੀ ਵਿਚ ਲੈ ਕੇ ਨਰਮ ਹੋਕੇ ।

ਸੁਮਿਤਰਾਂ– ਮੈਨੂੰ ਤੈਥੋਂ ਏਹਾ ਆਸ ਸੀ, ਲਾਜ ! ਮਰਦ ਜਵਾਨੀ ਵਿਚ ਪਾਗਲ ਹੋ ਜਾਂਦਾ ਏ । ਉਹ ਲੋਕਲਾਜ ਦੀਆਂ ਹੱਦਾਂ ਟੱਪ ਜਾਣਾ ਚਾਹੁੰਦਾ ਏ । ਪਰ ਇਸਤਰੀ ਨੂੰ ਆਪਣੀ ਲਾਜ ਪਾਲਣ ਵਾਸਤੇ ਸਦਾ ਕੁਰਬਾਨੀ ਕਰਨ ਲਈ ਤਿਆਰ ਰਹਿਣਾ ਚਾਹੀਦਾ ਏ । ਦੱਸ, ਤੂੰ ਇਹ ਕੁਛ ਕਰਨ ਲਈ ਤਿਆਰ ਏਂ ? ਇਕ ਮਾਂ ਦੀਆਂ ਅਸੀਸਾਂ ਲੈਣ ਲਈ ਕੁਰਬਾਨੀ ਕਰੇਂਗੀ ?

ਲਾਜ– ਕਰਾਂਗੀ, ਮਾਂ ! ਗ਼ਰੀਬ ਪੈਦਾ ਈ ਕੁਰਬਾਨੀ ਕਰਨ ਵਾਸਤੇ ਹੋਏ ਨੇ ।

ਸੁਮਿਤਰਾਂ ਲਾਜ ਨੂੰ ਵਧੇਰੇ ਕਲੇਜੇ ਨਾਲ ਘੁਟ ਕੇ ਤੇ ਉਹਦਾ ਸਿਰ ਚੁੰਮਕੇ ।

ਸੁਮਿਤਰਾਂ– ਕੌਸ਼ਲ ਕਮਲਾ ਏ । ਤੂੰ ਸਿਆਣੀ ਬਣੀ । ਤੂੰ ਉਸਨੂੰ

Sri Satguru Jagjit Singh Ji eLibrary NamdhariElibrary@gmail.com

ਸਾਫ਼ ਕਹਿਦੇ, ਕਿ ਮੈਂ ਤੈਨੂੰ ਨਫ਼ਰਤ ਕਰਦੀਆਂ, ਮੇਰਾ ਪਿਆਰ ਕਿਸੇ ਹੋਰ ਨਾਲ ਏ ।......... ਦੱਸ ਕਹੇਂਗੀ ?

ਲਾਜ ਵਿਚ ਬੋਲਣ ਦੀ ਹਿੰਮਤ ਨਹੀਂ । ਉਹ ਸਿਰਫ਼ 'ਹਾਂ' ਵਿਚ ਸਿਰ ਹਿਲਾਉਂਦੀ ਏ ।

ਸੁਮਿਤਰਾਂ— ਰੱਬ ਤੈਨੂੰ ਸੁਖੀ ਰਖੇ, ਬੇਟੀ !

ਸੁਮਿਤਰਾਂ ਜਾਂਦੀ ਏ ।

ਲਾਜ ਰੋਂਦੀ ਰੋਂਦੀ ਬੇਹੋਸ਼ ਹੋਕੇ ਡਿੱਗ ਪੈਂਦੀ ਏ । ਕੌਸ਼ਲ ਆਉਂਦਾ ਏ ।

ਕੌਸ਼ਲ— (ਲਾਜ ਨੂੰ ਉਠਾਉਂਦਾ ਹੋਇਆ) ਲਾਜ ! ਲਾਜ ! ਮੈਂ ਤੈਨੂੰ ਲੋਕਲਾਜ ਤੋਂ ਕੁਰਬਾਨ ਨਹੀਂ ਕਰ ਸਕਦਾ । ਮੈਂ ਤੈਨੂੰ ਸੱਚੇ ਦਿਲੋਂ ਪਿਆਰ ਕਰਦਾ ਹਾਂ ।

ਲਾਜ ਉਠਕੇ ਤੇ ਚੰਗੀ ਤਰ੍ਹਾਂ ਹੋਸ਼ ਵਿਚ ਆਕੇ ।

ਲਾਜ— ਪਿਆਰ ? ਕੌਸ਼ਲ ! ਪਿਆਰ ਸਦਾ ਬਰਾਬਰ ਦੀਆਂ ਧਿਰਾਂ ਵਿਚ ਹੁੰਦਾ ਏ । ਮੈਂ ਇਕ ਭਿਖਾਰੀ ਦੀ ਲੜਕੀ ਤੇ ਤੂੰ ਇਕ ਰਾਏ ਬਹਾਦਰ ਦਾ ਸਾਹਿਬਜ਼ਾਦਾ। ਤੇਰੇ ਮੇਰੇ ਪਿਆਰ ਦਾ ਕੀ ਅਰਥ ? ਤੁਸਾਂ ਮੇਰੇ ਸਿਰ ਅਹਿਸਾਨ ਕੀਤਾ ਸੀ । ਇਸ ਵਾਸਤੇ ਮੈਂ ਤੇਰੇ ਪਿਆਰ ਦਾ ਝੂਠਾ ਸਾਂਗ ਭਰਦੀ ਰਹੀ ਹਾਂ । ਕੌਸ਼ਲ ! ਮੈਂ ਤੈਨੂੰ ਵਧੇਰੇ ਚਿਰ ਹਨ੍ਹੇਰੇ ਵਿਚ ਨਹੀਂ ਰਖਣਾ ਚਾਹੁੰਦੀ । ਮਾਫ਼ ਕਰਨਾ, ਮੈਂ ਤੈਨੂੰ.....ਨਫ਼ਰਤ..... ...ਕਰਦੀ ਆਂ ।

ਮਗਰਲਾ ਵਾਕ ਬੜਾ ਔਖਾ ਤੇ ਰੁਕ ਕੇ ਕਹਿੰਦੀ ਏ ।

Sri Satguru Jagjit Singh Ji eLibrary NamdhariElibrary@gmail.com

ਕੌਸ਼ਲ– (ਤ੍ਰਭਕ ਕੇ) ਨਫ਼ਰਤ ? ਤੂੰ ? ਮੈਨੂੰ ਨਫ਼ਰਤ ਕਰਦੀ ਏਂ ?

ਹੱਥ ਮਲਦਾ ਹੋਇਆ ਉਠਕੇ ਜਾਂਦਾ ਏ। ਕੁਛ ਚਿਰ ਪਿਛੋਂ ਸੁਮਤ੍ਰਿਾਂ ਅੰਦਰ ਆਉਂਦੀ ਏ।

ਸੁਮਿਤਰਾਂ– (ਲਾਜ ਨੂੰ ਜੱਫੀ ਵਿਚ ਘੁੱਟਕੇ) ਸ਼ਾਬਾਸ਼, ਬੇਟੀ ! ਠੀਕ ਕੀਤਾ ਏ ਤੂੰ। ਮੈਂ ਸਭ ਕੁਛ ਉਹਲੇ ਖਲੋਕੇ ਸੁਣ ਲਿਆ ਏ। ਇਸ ਨੇਕੀ ਦਾ ਬਦਲਾ ਤੈਨੂੰ ਈਸ਼ਵਰ ਦੇਵੇਗਾ। ਲੋੜ ਪਵੇ, ਤਾਂ ਇਸ ਤੋਂ ਵੀ ਜ਼ਰਾ ਜ਼ੋਰ ਦੀ ਕਹੀਂ। ਬੱਸ, ਹਿੰਮਤ ਨਹੀਂ ਹਾਰਨੀ।

ਜਾਂਦੀ ਏ। Cut.

## ਸੀਨ ੩੪ *Cut to cut.*

Mounting shots 38—41

ਸਮਾਂ–ਦਿਨ ਥਾਂ–ਸੁਖ ਦੀ ਕੋਠੀ ਪਾਤਰ–ਮੋਹਨ, ਮਨੋਹਰ

ਮਨੋਹਰ ਆਪਣੇ ਕਮਰੇ ਵਿਚ ਉਦਾਸ ਬੈਠਾਏ। ਮੋਹਨ ਅੰਦਰ ਆਉਂਦਾਏ।

ਮੋਹਨ– ਹਿੰਮਤ ਨਹੀਂ ਹਾਰਨੀ ਚਾਹੀਦੀ, ਡਾਕਟਰ ਸਾਹਿਬ ! ਜੀਵਨ ਇਕ ਘੋਲ ਏ। ਭਾਵੇਂ ਹਜ਼ਾਰ ਵਾਰ ਡਿੱਗੋ, ਪਰ ਮੈਦਾਨ ਨਾ ਛਡੋ। ਇਹ ਵੇਲਾ ਫਿਰ ਹੱਥ ਨਹੀਂ ਆਉਣਾ।

ਮਨੋਹਰ– (ਹਉਕਾ ਭਰਕੇ) ਮੇਰੇ ਅਨੋਖੇ ਫ਼ਿਲਾਸਫ਼ਰ ! ਮੇਰੇ ਵਿਚ ਲੜਨ ਦੀ ਹਿੰਮਤ ਨਹੀਂ ਰਹੀ। ਉਹ ! ਮੇਰੀ ਕਿਸਮਤ।

Sri Satguru Jagjit Singh Ji eLibrary NamdhariElibrary@gmail.com

ਮੋਹਨ— ਬੁਜ਼ਦਿਲ ਹੁੰਦੇ ਹਨ ਕਿਸਮਤ ਨੂੰ ਰੋਣ ਵਾਲੇ।

ਜਾਂਦਾ ਏ। Dissolve.

## ਸਨ ੩੫

ਸਮਾਂ--ਦਿਨ    ਥਾਂ--ਸੁਖ. ਦੀ ਕੋਠੀ    ਪਾਤਰ--ਪੁਸ਼ਪਾ, ਮੋਹਨ

ਪੁਸ਼ਪਾ ਆਪਣੇ ਕਮਰੇ ਵਿਚ ਬੈਠੀ ਰੋ ਰਹੀ ਏ। ਮੋਹਨ ਆਉਂਦਾ ਏ।

ਮੋਹਨ-- ਰੋਣਾ ਕਿਸਮਤ ਦੀ ਦਾਤ ਨਹੀਂ, ਆਦਮੀ ਦੀ ਆਪਣੀ ਕੀਤੀ ਦਾ ਫਲ ਏ। ਹਿੰਮਤ ਵਾਲੇ ਹੰਝੂਆਂ ਨੂੰ ਹਾਸੇ ਵਿਚ ਬਦਲ ਲੈਂਦੇ ਹਨ। ਤੂੰ ਵੀ ਹਿੰਮਤ ਕਰ, ਪੁਸ਼ਪਾ! ਜ਼ਿੰਦਗੀ ਰੋ ਕੇ ਗੁਜ਼ਾਰਨ ਵਾਸਤੇ ਨਹੀਂ, ਹੱਸਣ ਵਾਸਤੇ ਹੈ।

ਪੁਸ਼ਪਾ-- ਮੋਹਨ! ਇਸਤਰੀ ਦਾ ਜੀਵਨ ਆਪਣੇ ਹੱਥ ਵਿਚ ਨਹੀਂ, ਸਮਾਜ ਦੇ ਹੱਥ ਵਿਚ ਹੈ। ਮੈਂ ਕੁਛ ਨਹੀਂ ਕਰ ਸਕਦੀ।

ਮੋਹਨ— ਅਜੇਹੇ ਸਮਾਜ ਨੂੰ ਬਦਲਨਾ ਈਂ ਪਵੇਗਾ।

ਜਾਂਦਾ ਏ। Dissolve.

## ਸੀਨ ੩੬

ਸਮਾਂ--ਦਿਨ    ਥਾਂ--ਨੰਦ ਦੀ ਕੋਠੀ    ਪਾਤਰ--ਮੋਹਨ, ਕੌਸ਼ਲ

ਆਪਣੇ ਕਮਰੇ ਵਿਚ ਕੌਸ਼ਲ ਉਦਾਸ ਬੈਠਾ ਏ। ਮੋਹਨ ਆਉਂਦਾ ਏ।

ਮੋਹਨ— ਬਦਲ ਗਏ, ਦੇਵਤਾ ਜੀ! ਬਚਪਨ ਦੀਆਂ ਜੋੜੀਆਂ

Sri Satguru Jagjit Singh Ji eLibrary    NamdhariElibrary@gmail.com

ਜਵਾਨੀ ਵਿਚ ਟੁੱਟ ਗਈਆਂ ?

ਕੌਸ਼ਲ– ਮੈਂ ਨਹੀਂ ਬਦਲਿਆ, ਮੋਹਨ! ਮੇਰੀ ਦੁਨੀਆਂ ਬਦਲ ਗਈ ਏ।

ਮੋਹਨ– ਪਿਆਰ ਦੀ ਦੁਨੀਆਂ ਕਦੇ ਨਹੀਂ ਬਦਲਦੀ, ਕੌਸ਼ਲ! ਸਮਝਣ ਵਾਲਿਆਂ ਦਾ ਭਰੋਸਾ ਬਦਲ ਜਾਂਦਾ ਏ। ਸੰਭਲ ਜਾਓ। ਬਚਪਨ ਜ਼ਿੰਦਗੀ ਦੀਆਂ ਨੀਹਾਂ ਹਨ। ਨੀਹਾਂ ਉੱਤੇ ਠੀਕ ਤਰ੍ਹਾਂ ਉਸਰੇ ਹੋਏ ਮੰਦਰ ਈ ਕਾਇਮ ਰਹਿ ਸਕਿਆ ਕਰਦੇ ਹਨ।

ਜਾਂਦੀ ਏ। Dissolve

## ਸੀਨ ੩੭

ਸਮਾਂ--ਦਿਨ ਥਾਂ--ਨੰਦ ਦੀ ਕੋਠੀ ਪਾਤਰ--ਮੋਹਨ, ਲਾਜ

ਲਾਜ ਬੈਠੀ ਰੋ ਰਹੀ ਏ। ਮੋਹਨ ਆਉਂਦਾ ਏ।

ਮੋਹਨ– ਅੱਖਾਂ ਰੋਣ ਵਾਸਤੇ ਨਹੀਂ, ਲਾਜ! ਰੱਬ ਦੀ ਕੁਦਰਤ ਵੇਖਣ ਵਾਸਤੇ ਹਨ।

ਲਾਜ ਰੋਣਾ ਤੇ ਕੁਰਬਾਨ ਹੋਣਾ ਈਂ ਗ਼ਰੀਬ ਦੀ ਪੂੰਜੀ ਏ। ਮੈਂ ਨਿਰਾ ਰੋ ਨਹੀਂ ਰਹੀ, ਜੀਵਨ ਦੀ ਕੁਰਬਾਨੀ ਦੇ ਰਹੀ ਹਾਂ।

ਮੋਹਨ– ਝੂਠੀ ਲੋਕਲਾਜ ਬਦਲੇ ਜੀਵਨ ਦੀ ਕੁਰਬਾਨੀ ਦੇਣਾ, ਕੁਰਬਾਨੀ ਦੀ ਹੱਤਕ ਏ। ਜੀਵਨ ਵੱਡਾ ਹੈ, ਲੋਕਲਾਜ ਨਹੀਂ। ਤੇ ਛੋਟੀ ਚੀਜ਼ ਬਦਲੇ ਵੱਡੀ ਚੀਜ਼ ਕੁਰਬਾਨ ਕਰਨਾ ਗੁਨਾਹ ਏਂ।

Sri Satguru Jagjit Singh Ji eLibrary NamdhariElibrary@gmail.com

ਲਾਜ– ਕਿਸੇ ਦੀ ਖ਼ਾਤਰ ਗੁਨਾਂਹ ਕਰਨਾ, ਆਪਣੇ ਬਦਲੇ ਨੇਕੀ ਕਰਨ ਨਾਲੋਂ ਚੰਗਾ ਹੁੰਦਾ ਏ, ਮੋਹਨ !

ਮੋਹਨ-- ਤੁਸੀਂ ਚਾਰੇ ਇਕੋ ਮਿੱਟੀ ਦੇ ਘੜੇ ਹੋਏ ਹੋ । ਹਜ਼ਾਰ ਕੁਰਬਾਨੀ ਕਰਕੇ ਵੀ ਅੰਤ ਤੁਹਾਨੂੰ ਜੀਵਨ ਦੀ ਸ਼ਰਨ ਲੈਣੀ ਪਵੇਗੀ । ਆਪਾਂ ਤਾਂ ਖਰੀ ਖਰੀ ਕਹਾਂਗੇ, ਕੌੜਾ ਸੱਚ ।

ਜਾਂਦਾ ਏ । **Dissolve**

## ਸੀਨ ੩੯

ਸਮਾਂ--ਦਿਨ ਥਾਂ--ਨੰਦ ਦੀ ਕੋਠੀ ਪਾਤਰ--ਨੰਦ, ਸੁਮਿਤਰਾਂ, ਸੁਖਦਿਆਲ, ਸੁਭਦਰਾਂ,ਮੋਹਨ

ਬੈਠਕ ਵਿਚ ਨੰਦ ਕਸ਼ੋਰ, ਸੁਮਿਤਰਾਂ, ਸੁਖਦਿਆਲ ਤੇ ਸੁਭਦਰਾਂ ਬੈਠੇ ਨੇ ।

ਸੁਖਦਿਆਲ-- ਉਸ 'ਕੌੜੇ ਸੱਚ' ਨੇ ਸਾਡੇ ਰਾਹ ਵਿਚ ਕੰਡੇ ਖਿਲਾਰ ਦਿਤੇ ਨੇ । ਦੱਸੋ, ਹੁਣ ਕੀ ਕੀਤਾ ਜਾਏ ?

ਸੁਭਦਰਾਂ-- ਵਿਆਹ ਕਰ ਦਿਓ ਛੇਤੀ । ਆਪੇ ਸਭ ਕੁਛ ਠੀਕ ਹੋ ਜਾਏਗਾ ।

ਸੁਖਦਿਆਲ-- ਇਹ ਸਭ ਤੇਰੀ ਕੀਤੀ ਦਾ ਫਲ ਭੁਗਤ ਰਹੇ ਆਂ । ਆਖੇ: 'ਮੈਂ ਮੰਨੂੰ ਨੂੰ ਡਾਕਟਰ ਬਨਾਉਣਾ ਏਂ । ਮੈਂ ਸ਼ਾਮੂ ਦੀ ਕੀਤੀ ਦਾ ਬਦਲਾ ਦੇਣਾ ਏਂ ।' ਬਣਾ ਲਿਆ ਈ ਨਾਂ ਡਾਕਟਰ ! ਚੁਕਾ ਲਏ ਈ ਨਾਂ ਹੁਣ ਤਾਂ ਸਾਰੇ ਬਦਲੇ ! ਕੋਈ ਰਹਿ ਤਾਂ ਨਹੀਂ ਗਿਆ ?

ਸੁਭਦਰਾਂ-- (ਰੋ ਕੇ) ਮੈਨੂੰ ਕੀ ਪਤਾ ਸੀ ?

Sri Satguru Jagjit Singh Ji eLibrary NamdhariElibrary@gmail.com

ਸੁਖਦਿਆਲ-- ਤੇ ਏਥੋਂ ਈ ਬੱਸ ਨਹੀਓਂ । ਕੌਸ਼ਲ ਵੀ ਲਾਜ ਨੂੰ ਛਡਣ ਵਾਸਤੇ ਤਿਆਰ ਨਹੀਂ ਜੇ ।

ਨੰਦ ਕਸ਼ੋਰ-(ਗੁੱਸੇ ਨਾਲ) ਹਿੰਮਤ ਹੈ ਕੌਸ਼ਲ ਜਾਂ ਲਾਜ ਦੀ ? ਮੈਂ ਲੋਕਲਾਜ ਬਦਲੇ ਗੋਲੀ ਮਾਰ ਦਿਆਂਗਾ ਦੋਹਾਂ ਨੂੰ ।

ਸੁਮਿਤਰਾਂ--(ਅੱਖਾਂ ਵਿਚ ਪਾਣੀ ਭਰ ਕੇ) ਮੇਰਾ ਕੌਸ਼ਲ ਕਿਸੇ ਗੱਲੋਂ ਨਹੀਂ ਵਿਹਰੇਗਾ । ਮੈਂ ਲਾਜ ਨੂੰ ਵੀ ਸਮਝਾ ਲਿਆ ਏ ।

ਮੋਹਨ ਅੰਦਰ ਆਉਂਦਾ ਏ ।

ਮੋਹਨ-- ਪ੍ਰੇਮ ਦੇ ਪਾਗਲਾਂ ਨੂੰ ਦੇਵਤੇ ਵੀ ਸਮਝਾ ਕੇ ਨਹੀਂ ਮੋੜ ਸਕਦੇ । ਆਓ, ਜ਼ਿਦ ਛਡ ਦਿਓ । ਫੋਕੀ ਲੋਕ-ਲਾਜ ਬਦਲੇ ਜਿਉਂਦੀਆਂ ਜਾਨਾਂ ਦੀ ਕੁਰਬਾਨੀ ਨਾ ਦਿਓ । ਨਹੀਂ ਤਾਂ ਪਿਛੋਂ ਪਛਤਾਉਗੇ ।

ਸੁਖਦਿਆਲ--(ਗੁਸੇ ਨਾਲ ਉਠ ਕੇ) ਤੈਨੂੰ ਕੀਹਨੇ ਸੱਦਿਆ ਏ ? ਨਿਕਲ ਜਾ ਏਥੋਂ, ਕੁਲ ਦੇ ਕਲੰਕ ! ਨਿਖੱਟੂ ਕਿਸੇ ਥਾਂ ਦਾ ।

ਮੋਹਨ-- ਅੱਛਾ ! ਇਕ ਦਿਨ ਕੁਲ ਦੀ ਕਲੰਕ ਈ ਕੁਲ ਦਾ ਟਿਕਾ ਬਣੇਗਾ । ਆਪਾਂ ਤਾਂ ਖਰੀ ਖਰੀ ਕਹਾਂਗੇ, ਕੌੜਾ ਸੱਚ ।

ਜਾਂਦਾ ਏ ।

INTERVAL

Sri Satguru Jagjit Singh Ji eLibrary NamdhariElibrary@gmail.com

# ਸੀਨ ੩੯

ਸਮਾਂ--ਦਿਨ  ਥਾਂ–ਸੁਖ ਦੀ ਕੋਠੀ  ਪਾਤਰ–ਪੁਸ਼ਪਾ, ਸਹੇਲੀਆਂ

ਪੁਸ਼ਪਾ ਬੈਠੀ ਹੰਝੂ ਕੇਰ ਰਹੀ ਏ । ਕੋਲ ਬੈਠੀਆਂ ਸਹੇਲੀਆਂ ਢੋਲਕ ਨਾਲ ਗਾ ਰਹੀਆਂ ਨੇ ।

ਗਾਣਾ (ਕੋਈ ਲੋਕ ਗੀਤ)

..............................................................................

..............................................................

**Cut**

# ਸੀਨ ੪੦  *Cut to Cut*

ਸਮਾਂ--ਦਿਨ  ਥਾਂ--ਨੰਦ ਦੀ ਕੋਠੀ  ਪਾਤਰ--ਲਾਜ, ਕੌਸ਼ਲ

ਲਾਜ ਬੈਠੀ ਫੁੱਲਾਂ ਦਾ ਸੇਹਰਾ ਗੁੰਦ ਰਹੀਏ । ਅੱਖਾਂ ਵਿਚ ਹੰਝੂ ਵਗ ਰਹੇ ਨੇ । ਕੌਸ਼ਲ ਅੰਦਰ ਆਉਂਦਾ ਏ ।

ਕੌਸ਼ਲ– ਲਾਜ ! ਅਜੇ ਵੀ ਵੇਲਾ ਏ । ਮੇਰੇ ਚਾਵਾਂ ਦਾ ਖ਼ੂਨ ਨਾ ਕਰ । ਸੱਚ ਦੱਸ, ਤੂੰ ਠੀਕ ਮੈਨੂੰ ਪਿਆਰ ਨਹੀਂ ਕਰਦੀ ?

ਲਾਜ– ਕੌਸ਼ਲ ! ਸੱਚ ਦੀ ਕੀਮਤ ਈ ਕੀ ਏ ਏਸ ਦੁਨੀਆਂ 'ਤੇ । ਜੇ ਕੋਈ ਹੁੰਦੀ, ਤਾਂ ਮੇਰੇ ਇਕ ਵਾਰ ਕਹੇ 'ਤੇ ਈ ਇਤਬਾਰ ਨਾ ਆ ਜਾਂਦਾ ? ਮੇਰੀ ਖ਼ੁਸ਼ੀ ਏਸੇ ਵਿਚ ਏ, ਕਿ ਤੂੰ ਪੁਸ਼ਪਾ ਨਾਲ ਵਿਆਹ ਕਰਾ ਲਵੇਂ ।

ਕੌਸ਼ਲ– ਤਾਂ ਤੂੰ ਠੀਕ ਮੈਨੂੰ ਨਫ਼ਰਤ ਕਰਦੀ ਏਂ ?

Sri Satguru Jagjit Singh Ji eLibrary  NamdhariElibrary@gmail.com

ਲਾਜ- ਜਿਸ ਸ਼ਬਦ ਨਾਲ ਤੁਹਾਡਾ ਦਿਲ ਦੁਖਦਾ ਏ, ਉਹ ਮੈਥੋਂ ਘੜੀ ਮੁੜੀ ਨਾ ਅਖਵਾਓ।

ਅੱਖਾਂ ਵਿਚੋਂ ਹੰਝੂ ਡਿਗਦੇ ਨੇ। ਕੌਸ਼ਲ ਚਲਾ ਜਾਂਦਾ ਹੈ।

Cut

## ਸੀਨ ੪੧ *Cut to Cut*

ਸਮਾਂ -ਦਿਨ ਥਾਂ–ਸੁਖ ਦੀ ਕੋਠੀ ਪਾਤਰ–ਮੰਨੂੰ, ਹੋਰ

ਕੋਠੀ ਦੇ ਸਾਮ੍ਹਣੇ ਜੰਞ ਵਾਸਤੇ ਪੰਡਾਲ ਸਜਿਆ ਹੋਇਆ ਏ। ਬੂਹੇ ਅਗੇ ਕੇਲਿਆਂ, ਸ਼ਾਖ਼ਾਂ ਤੇ ਫੁੱਲਾਂ ਦਾ ਦਰਵਾਜ਼ਾ ਬਣਿਆ ਹੋਇਆ ਏ। ਉਦਾਸ ਚਿਤ ਮਨੋਹਰ ਦਰਵਾਜ਼ੇ ਅਗੇ ਕਪੜੇ ਦਾ ਬੋਰਡ ਲਾ ਰਿਹਾ ਏ, ਜਿਸ 'ਤੇ 'ਜੀ ਆਇਆਂ ਨੂੰ' ਲਿਖਿਆ ਹੋਇਆ ਹੈ। ਮਨੋਹਰ ਹਉਕੇ ਭਰ ਰਿਹਾ ਹੈ।

ਮਨੋਹਰ- ਉਹ!

Cut

## ਸੀਨ ੪੨ *Cut to Cut*

ਸਮਾਂ–ਦਿਨ ਥਾਂ–ਨੰਦ ਦੀ ਕੋਠੀ ਪਾਤਰ–ਕੌਸ਼ਲ, ਲਾਜ, ਹੋਰ

ਜੰਞ ਦੀ ਚੜ੍ਹਾਈ। ਵਾਜਾ ਵਜ ਰਿਹਾ ਏ। ਹਾਰਾਂ ਵਿਚ ਲੱਦਿਆ ਹੋਇਆ ਕੌਸ਼ਲ ਘੋੜੀ ਤੇ ਚੜ੍ਹਿਆ ਹੋਇਆ ਏ। ਉਦਾਲੇ ਖਲੀਆਂ ਕੁੜੀਆਂ ਉਸ ਉਤੇ ਫੁੱਲ ਸੁਟ ਰਹੀਆਂ ਨੇ। ਲਾਜ ਇਕ ਪਾਸੇ ਫੁੱਲਾਂ ਦੀ ਝੋਲੀ ਭਰੀ ਖਲੀ ਏ। ਜਦ ਕੌਸ਼ਲ ਉਸ ਵੱਲ ਵੇਖਦਾ ਏ, ਤਾਂ ਲਾਜ ਮੁਸਕ੍ਰਾ ਕੇ ਫੁੱਲ ਸੁੱਟਣ ਵਾਸਤੇ ਹੱਥ ਉਤਾਂਹ ਕਰਦੀ ਏ। ਜਦ ਕੌਸ਼ਲ ਦੂਜੇ ਪਾਸੇ ਮੂੰਹ ਕਰ ਲੈਂਦਾ ਏ, ਤਾਂ ਲਾਜ ਫੁੱਲ ਸੁੱਟੇ ਬਿਨਾਂ ਹੀ ਹੱਥ ਝੋਲੀ ਵਿਚ ਪਾ ਲੈਂਦੀ ਏ। ਜੰਞ ਤੁਰ ਜਾਂਦੀ ਏ। ਲਾਜ ਕੱਲ੍ਹੀ ਪਿਛਾਂਹ ਮੁੜ ਪੈਂਦੀ ਏ।

Sri Satguru Jagjit Singh Ji eLibrary NamdhariElibrary@gmail.com

(ਕੈਮਰਾ ਨਾਲ ਨਾਲ) ਆਵਦੇ ਕਮਰੇ ਵਿਚ ਜਾ ਕੇ ਲਾਜ ਫੁੱਲਾਂ ਦੀ ਝੋਲੀ ਪਲਟ ਦੇਂਦੀ ਏ ਤੇ ਮੰਜੇ 'ਤੇ ਡਿਗ ਕੇ ਸਿਸਕੀਆਂ ਭਰਨ ਲਗ ਪੈਂਦੀ ਏ।(Mounting Shots) ਕਦੇ ਜੰਦ ਜਾਂਦੀ ਦਿਸਦੀ ਏ ਤੇ ਕਦੇ ਲਾਜ ਸਿਸਕੀਆਂ ਭਰਦੀ ਦਿਸਦੀ ਏ।

**Cut**

## ਸੀਨ ੪੩

*Cut to Cut*

ਸਮਾਂ–ਦਿਨ ਥਾਂ--ਸੁਖ ਦੀ ਕੋਠੀ ਪਾਤਰ-ਮੰਨੂੰ, ਮੋਹਨ, ਸੁਖ, ਕੌਸ਼ਲ ਹੋਰ

ਪੰਡਾਲ ਦੇ ਦਰਵਾਜ਼ੇ ਅਗੇ ਕੁਛ ਪਤਵੰਤੇ ਜੰਞ ਦੇ ਸਵਾਗਤ ਵਾਸਤੇ ਹਾਰ ਲਈ ਖਲੋ ਨੇ। ਸੁਖਦਿਆਲ ਮੋਹਨ ਨੂੰ ਹਾਰ ਫੜਾਉਣ ਲਈ ਹੱਥ ਵਧਾ ਕੇ ਕਹਿੰਦਾ ਏ।

ਸੁਖਦਿਆਲ– ਲੈ ਆਹ ਹਾਰ ਕੌਸ਼ਲ ਦੇ ਗੱਲ ਵਿਚ ਪਾ ਦੇਈਂ।

ਮੋਹਨ– ਜਿਸ ਬੰਦੇ ਦਾ ਦਿਲ ਰੋ ਰਿਹਾ ਹੋਵੇਗਾ, ਉਸ ਦੇ ਗਲ ਵਿਚ ਹਸਦੇ ਫੁੱਲਾਂ ਦਾ ਹਾਰ ਪਾਕੇ ਉਸਦੇ ਗ਼ਮ ਦਾ ਮਜ਼ਾਕ ਨਹੀਂ ਉਡਾ ਸਕਦਾ।

ਸੁਖਦਿਆਲ (ਗੁੱਸੇ ਨਾਲ) ਹਰ ਸ਼ੁਭ ਸਮੇਂ ਤੂੰ ਏਹਾ ਕਜ਼ੂਰ ਘੋਲੇਂਗਾ। ਨਿਕਲ ਜਾ ਏਥੋਂ, ਨਿਖੱਟੂ ਕਿਸੇ ਥਾਂ ਦਾ।

ਮੋਹਨ– ਵਿਆਹ ਖ਼ੁਸ਼ੀਆਂ ਦੀ ਮਿਲਨੀ ਦਾ ਨਾਂ ਹੈ, ਅਰਮਾਨਾਂ ਦੇ ਕਤਲ ਦਾ ਨਾਂ ਨਹੀਂ। ਆਪਾਂ ਤਾਂ ਖਰੀ ਖਰੀ ਕਹਾਂਗੇ, ਕੌੜਾ ਸੱਚ।

ਜਾਂਦਾ ਏ। ਸੁਖਦਿਆਲ ਮਨੋਹਰ ਨੂੰ ਬੜੀ ਰੁੱਖੀ ਵਾਜ ਵਿਚ।

Sri Satguru Jagjit Singh Ji eLibrary NamdhariElibrary@gmail.com

ਸੁਖਦਿਆਲ-- **ਲੈ, ਤੂੰ ਪਾ ਦੇਵੀਂ ।**

ਮਨੋਹਰ ਹਾਰ ਫੜ ਲੈਂਦਾ ਏ । ਜੰਦ ਆ ਜਾਂਦੀ ਏ । ਮਨੋਹਰ ਕੌਸ਼ਲ ਦੇ ਗਲ ਵਿਚ ਹਾਰ ਪਾਉਂਦਾ ਏ । ਦੋਵੇਂ ਇਕ ਦੂਜੇ ਵੱਲ ਵੇਖਦੇ ਨੇ, ਦੋਹਾਂ ਦੀਆਂ ਅਖੀਂ ਵਿਚ ਗ਼ਮ ਛਲਕ ਰਿਹਾ ਏ। ਬਾਕੀ ਆਦਮੀ ਦੂਜੇ ਜਾਂਞੀਆਂ ਨੂੰ ਹਾਰ ਪਾਉਂਦੇ ਨੇ। ਜੰਦ ਪੰਡਾਲ ਵਿਚ ਦਾਖ਼ਲ ਹੁੰਦੀ ਏ।

**Fade out**

## ਸੀਨ ੪੪

*Fade in*

ਸਮਾਂ—ਰਾਤ  ਥਾਂ--ਨੰਦ ਦੀ ਕੋਠੀ  ਪਾਤਰ-ਲਾਜ

ਆਪਣੇ ਕਮਰੇ ਵਿਚ ਮੰਜੇ ਤੇ ਮੂਧੇ ਮੂੰਹ ਪਈ ਲਾਜ ਹਉਕੇ ਭਰ ਰਹੀ ਏ। ਉਠਕੇ ਕਮਰੇ ਵਿਚ ਚੁਫੇਰੇ ਵੇਖਕੇ ਸਹਿਜ ਸਹਿਜ ਬਾਹਰ ਨਿਕਲਦੀ ਏ। (ਕੈਮਰਾ ਨਾਲ ਨਾਲ) ਫਿਰ ਉਹ ਕੌਸ਼ਲ ਦੇ ਕਮਰੇ ਵਿਚ ਜਾਂਦੀ ਏ। ਚੁਫੇਰੇ ਹਰ ਚੀਜ਼ ਨੂੰ ਧਿਆਨ ਨਾਲ ਵੇਖਦੀ ਏ। ਅੰਗੀਠੀ ਤੋਂ ਕੌਸ਼ਲ ਦੀ ਵੱਡੀ ਫੋਟੋ ਚੁਕਕੇ ਹਿੱਕ ਨਾਲ ਲਾ ਕੇ ਰੋਂਦੀ ਏ । ਫਿਰ ਉਸ ਨੂੰ ਚੁੰਮ ਕੇ ਓਥੇ ਟਿਕਾ ਦੇਂਦੀ ਏ। ਲਾਗੇ ਇਕ ਕੌਸ਼ਲ ਦੀ ਛੋਟੀ ਤਸਵੀਰ-ਉਪਰੋਂ ਖੁਲ੍ਹੇ ਫ਼ਰੇਮ ਵਿਚ-ਪਈ ਏ । ਉਹ ਤਸਵੀਰ ਕਢ ਕੇ ਜੇਬ ਵਿਚ ਪਾ ਲੈਂਦੀ ਏ। ਤੇ ਹੌਲੀ ਹੌਲੀ ਕਮਰਿਓਂ ਬਾਹਰ ਨਿਕਲ ਜਾਂਦੀ ਏ।

**Cut**

Sri Satguru Jagjit Singh Ji eLibrary NamdhariElibrary@gmail.com

## ਸੀਨ ੪੫ *Cut to Cut*

ਸਮਾਂ-ਰਾਤ ਥਾਂ--ਸੁਖ ਦੀ ਕੋਠੀ ਪਾਤਰ--ਮਨੋਹਰ

ਮਨੋਹਰ ਆਪਣੇ ਕਮਰੇ ਵਿਚ ਤਸਵੀਰਾਂ ਦੇ ਫ਼ਰੇਮ ਤੋੜ ਤੋੜ ਕੇ ਆਪਣੀਆਂ ਫੋਟੋ ਵਿਚੋਂ ਕਢ ਰਿਹਾ ਏ। ਲਾਗੇ ਇਕ ਥੈਲੇ ਵਿਚ ਕੁਛ ਕਤਾਬਾਂ ਪਾਈਆਂ ਪਈਆਂ ਨੇ। ਅਲਮਾਰੀ ਵਿਚੋਂ ਆਪਣਾ ਡਾਕਟਰੀ ਦਾ ਡਿਪਲੋਮਾ ਕਢ ਕੇ ਤੇ ਫੋਟੋ ਕਠੀਆਂ ਕਰਕੇ ਕਤਾਬਾਂ ਵਾਲੇ ਥੈਲੇ ਵਿਚ ਪਾਉਂਦਾ ਏ। ਫਿਰ ਇਕ ਕਤਾਬ ਵਿਚੋਂ ਲਾਜ ਦੀ ਛੋਟੀ ਜੇਹੀ ਫੋਟੋ ਕਢ ਕੇ ਤੇ ਚੰਗੀਂ ਤਰ੍ਹਾਂ ਵੇਖਕੇ ਜੇਬ ਵਿਚ ਪਾ ਲੈਂਦਾ ਏ। ਫਿਰ ਹੰਝੂ ਕੇਰਦਾ ਕਤਾਬਾਂ ਦਾ ਥੈਲਾ ਚੁਕ ਕੇ ਬਾਹਰ ਨਿਕਲ ਜਾਂਦਾ ਏ। ਬੂਹਾ ਢੋ ਜਾਂਦਾ ਏ।

**Cut**

## ਸੀਨ ੪੬ *Cut to Cut*

ਸਮਾਂ--ਰਾਤ ਥਾਂ--ਸੁਖ ਦੀ ਕੋਠੀ ਪਾਤਰ--ਪੁਸ਼ਪਾ

ਕਮਰੇ ਵਿਚ ਸਹੇਲੀਆਂ ਸੁਤੀਆਂ ਪਈਆਂ ਨੇ। ਪੁਸ਼ਪਾ ਬੈਠੀ ਰੋ ਰਹੀ ਏ. ਸਿਰ 'ਤੇ ਸੁਭਰ ਏ ਤੇ ਹੱਥੀਂ ਕਲਿਝੜੇ। ਪੁਸ਼ਪਾ ਕਲਿਝੜੇ ਸੰਭਾਲ ਕੇ ਪੋਲੀ ਪੈਰੀਂ ਬਾਹਰ ਨਿਕਲਦੀ ਏ। [ਕੈਮਰਾ ਨਾਲ ਨਾਲ] ਹੌਲੀ ਹੌਲੀ ਉਹ ਮਨੋਹਰ ਦੇ ਕਮਰੇ ਅੱਗੇ ਜਾਂਦੀ ਏ। ਬੰਦ ਬੂਹੇ ਨੂੰ ਹੌਲੀ ਹੌਲੀ ਥਪਕੀ ਦੇਂਦੀ ਏ। ਫਿਰ ਹੌਲੀ ਜੇਹੀ ਵਾਜ ਦੇਂਦੀ ਏ।

ਪੁਸ਼ਪਾ- **ਮਨੋਹਰ! .......... ਮੰਨੂੰ !..........ਮੰਨੂੰ !**

ਵਾਜ ਕੋਈ ਨਹੀਂ ਆਉਂਦੀ। ਬੂਹਾ ਖੋਲ੍ਹ ਕੇ ਉਹ ਅੰਦਰ ਵੇਖਦੀ ਏ। ਅੰਦਰ ਖ਼ਾਲੀ ਏ; ਸਮਾਨ ਸਾਰਾ ਖਿਲਰਿਆ

Sri Satguru Jagjit Singh Ji eLibrary NamdhariElibrary@gmail.com

www.archive.org/details/namdhari


ਪਿਆ ਏ, ਅਲਮਾਰੀਆਂ ਖੁਲ੍ਹੀਆਂ ਨੇ ਤੇ ਤਸਵੀਰਾਂ ਦੇ ਫ਼ਰੇਮ ਟੁਟੇ ਪਏ ਨੇ। ਪੁਸ਼ਪਾ ਅੱਖੀਂ ਅੱਗੇ ਹੱਥ ਧਰਕੇ ਰੋਣ ਲੱਗ ਪੈਂਦੀ ਏ।

Cut

## ਸੀਨ ੪੭

*Cut to Cut*

ਸਮਾਂ-ਰਾਤ ਥਾਂ—ਨੰਦ ਦੀ ਕੋਠੀ ਪਾਤਰ-ਲਾਜ

ਕੋਠੀ ਤੇ ਬਗ਼ੀਚੇ ਵਿਚ ਲਾਜ ਪਾਗਲਾਂ ਵਾਂਗ ਫਿਰ ਰਹੀ ਏ। ਇਕ ਇਕ ਬੂਟੇ ਕੋਲ ਖਲੋ ਕੇ ਉਹ ਸੁਨੇਹੇ ਦੇ ਰਹੀ ਏ। ਰਾਤ ਰਾਣੀ ਦੇ ਬੂਟੇ ਕੋਲ ਖਲੀ ਉਹ ਦੰਝ ਕੇਰਦੀ ਕਹਿੰਦੀ ਏ।

ਲਾਜ- ਰਾਤ ਰਾਣੀ! ਕਿਉਂ ਮਿਠੀਆਂ ਖ਼ੁਸ਼ਬੂਆਂ ਖਿਲਾਰੀ ਜਾਂਦੀ ਏਂ, ਜਦ ਇਹਨਾਂ ਦੇ ਮਾਨਣ ਵਾਲਾ ਕੋਲ ਕੋਈ ਨਹੀਂ। ਓਦਣ ਤੇਰੇ ਉਹਲੇ ਮੈਨੂੰ ਲੁਕੀ ਬੈਠੀ ਨੂੰ ਉਹਨਾਂ ਆਣ ਲੱਭਾ ਸੀ। ਜਦ ਉਹ ਹੁਣ ਮੈਨੂੰ ਕਮਰੇ ਵਿਚ ਨਾ ਵੇਖਕੇ ਤੇਰੇ ਕੋਲ ਲੱਭਣ ਆਉਣਗੇ, ਤਾਂ ਤੂੰ ਸਾਰੀ ਖ਼ੁਸ਼ਬੂ ਇਕੋ ਵਾਰ ਉਲੱਦਕੇ ਉਹਨਾਂ ਨੂੰ ਏਨਾ ਮਸਤ ਬਣਾ ਦੇਈਂ, ਕਿ ਮੇਰੀ ਯਾਦ ਉਹਨਾਂ ਨੂੰ ਸਤਾਏ ਨਾ। ਜਿਵੇਂ ਹੋਵੇ ਉਹਨਾਂ ਦਾ ਜੀ ਲਾਈ ਰੱਖੀਂ।

ਫਿਰ ਅੱਗੇ ਜਾ ਕੇ ਗੇਂਡੇ ਦੇ ਫੁਲਾਂ ਕੋਲ ਖਲੋਕੇ

ਤੇਰੀਆਂ ਕੇਸਰੀ ਤਰੀਆਂ ਮੇਰੇ ਵਾਲਾਂ 'ਤੇ ਸੁੱਟ ਕੇ ਉਹ ਕਿੰਨੇ ਖ਼ੁਸ਼ ਹੁੰਦੇ ਹੁੰਦੇ ਸਨ। ਹੁਣ ਜਦ ਉਹ ਹੋਰ ਕਿਸੇ ਦੇ ਵਾਲਾਂ 'ਤੇ ਸੁਟਕੇ ਹੱਸਣਗੇ, ਤਾਂ ਕਿਤੇ ਮੇਰਾ

Sri Satguru Jagjit Singh Ji eLibrary NamdhariElibrary@gmail.com

ਨਾਂ ਉਹਨਾਂ ਕੋਲ ਨਾ ਲੈਣਾ । ਮਤਾਂ ਉਹਨਾਂ ਦੀ ਸਾਬਣ ਸੁਣ ਕੇ ਗ਼ੁੱਸਾ ਕਰੇ ਤੇ ਉਹਨਾਂ ਦਾ ਦਿਲ ਉਦਾਸ ਹੋ ਜਾਏ ।

ਫਿਰ ਸੂਰਜਮੁਖੀ ਦੇ ਕੁਮਲਾਏ ਹੋਏ ਫੁੱਲਾਂ ਕੋਲ ਖਲੋਕੇ

ਤੂੰ ਕਿਉਂ ਉਦਾਸ ਏਂ ? ਤੇਰਾ ਸੂਰਜ ਤਾਂ ਭਲਕੇ ਫਿਰ ਚੜ੍ਹ ਪੈਣਾ ਏਂ । ਮੇਰੇ ਵੱਲੇ ਵੇਖ, ਜੀਹਦਾ ਸੂਰਜ ਉੱਚੀ ਪਹਾੜੀ ਦੇ ਉਹਲੇ ਆ ਗਿਆ ਏ, ਜਿਸ ਦੇ ਉੱਤੋਂ ਦੀ ਮੈਂ ਕਦੇ ਵੀ ਨਹੀਂ ਝਾਤੀ ਮਾਰ ਸਕਾਂਗੀ । ਹਾਂ, ਸੱਚ ਜਦ ਉਹ ਆਉਣ, ਓਦੋਂ ਨਾ ਕੁਮਲਾਏ ਰਹਿਣਾ । ਉਹਨਾਂ ਸਾਮ੍ਹਣੇ ਖਿੜ ਖਿੜ ਹੱਸਣਾ, ਜਿਵੇਂ ਉਹਨਾਂ ਦਾ ਦਿਲ ਖਿੜਿਆ ਰਹੇ । ਵੇਖਣਾ, ਕਿਤੇ ਇਸ ਨਿਕਰਮਣ ਦਾ ਉਹਨਾਂ ਨੂੰ ਚੇਤਾ ਨਾ ਆ ਜਾਏ ।

ਨਰਗਸ ਦੀ ਕਿਆਰੀ ਕੋਲ ਜਾ ਕੇ ਤੇ ਫੁਲਾਂ ਤੇ ਤ੍ਰੇਲ ਵੇਖਕੇ

ਹੈਂ ? ਤੁਸੀਂ ਕਿਉਂ ਰੋਂਦੇ ਓ ? ਉਹਨਾਂ ਦੇ ਆਉਣ ਤੋਂ ਪਹਿਲਾਂ ਪਹਿਲਾਂ ਇਹ ਤ੍ਰੇਲ ਦੀਆਂ ਬੂੰਦਾਂ ਸਾਫ਼ ਹੋ ਜਾਣ, ਨਹੀਂ ਤਾਂ ਰੋਂਦੀਆਂ ਅੱਖੀਂ ਦਾ ਭੁਲੇਖਾ ਖਾ ਕੇ ਉਹ ਉਦਾਸ ਹੋ ਜਾਣਗੇ । ਯਾਦ ਰਖਿਓ, ਉਹਨਾਂ ਦੇ ਦਿਲ 'ਤੇ ਕਦੇ ਉਦਾਸੀ ਨਾ ਆਵੇ ।

ਜਿਸ ਬੂਟੇ ਹੇਠ ਪੜ੍ਹਦੇ ਹੁੰਦੇ ਸਨ, ਉਸਨੂੰ ਗਲਵਕੜੀ ਪਾ ਕੇ

ਜਾਂਦੀਵਾਰ ਦਾ ਤੈਨੂੰ ਮਿਲ ਲਵਾਂ । ਤੇਰੇ ਹੇਠ ਬਹਿ ਕੇ ਸਾਡਾ ਬਚਪਨ ਤੇ ਅੱਲ੍ਹੜ ਜਵਾਨੀ ਪੜ੍ਹਦੇ ਰਹੇ ਸਨ । ਤੇਰੀਆਂ ਠੰਢੀਆਂ ਛਾਂਵਾਂ ਉਹਨਾਂ ਨੂੰ ਠੰਢਿਆਂ

Sri Satguru Jagjit Singh Ji eLibrary NamdhariElibrary@gmail.com

ਰੱਖਣ । ਵੇਖੀਂ, ਕਿਤੇ ਉਹਨਾਂ ਨੂੰ ਤੱਤੀ ਵਾ ਨਾ ਲਗਣ ਦੇਈਂ ।

ਗੁਲਾਬ ਦੇ ਫੁੱਲਾਂ ਲੱਦੇ ਬੂਟੇ ਕੋਲ ਖਲੋਕੇ, ਉਸ ਦੇ ਖਿੜੇ ਹੋਏ ਫੁਲ ਦੀ ਡੰਡੀ ਫੜਕੇ ਥੱਲੇ ਪਾਣੀ ਵਿਚ ਉਸਦਾ ਪਰਛਾਵਾਂ ਵੇਖਕੇ।

ਤੂੰ ਤਾਂ ਪਾਣੀ ਵਿਚ ਆਪਣਾ ਪਰਛਾਵਾਂ ਵੇਖ ਕੇ ਹੱਸ ਲਵੇਂਗਾ, ਤੇ ਮੈਂ ਆਪਣਾ ਆਪ ਕਿਸ ਵਿਚੋਂ ਵੇਖਾਂਗੀ? ਮੈਨੂੰ ਤਾਂ ਆਪਣਾ ਰੂਪ ਸਦਾ ਕੌਸ਼ਲ ਵਿਚੋਂ ਈ ਦਿੱਸਿਆ ਕਰਦਾ ਸੀ।( ਹਉਕਾ ਲੈ ਕੇ )ਹੈਂ ?ਤੂੰ ਵੀ ਸਗੋਂ ਇਹ ਕੋਮਲਤਾ ਤੇ ਖੇੜਾ ਉਹਨਾਂ ਤੋਂ ਈਂ ਲਿਆ ਏ ? ਹੱਛਾ, ਉਹਨਾਂ ਨਾਲ ਛਿਦ ਛਿਦ ਹੱਸਿਆ ਕਰਨਾ। ਤੈਨੂੰ ਉਹਨਾਂ ਦੀ ਸੌਂਪਣਾ ਕਰਕੇ ਮੈਂ ਜਾ ਰਹੀ ਹਾਂ ਤੂੰ ਬਾਗ਼ ਦਾ ਸਰਦਾਰ ਏਂ, ਉਹ ਮੇਰੇ ਜੀਵਨ ਦੇ ਸਰਦਾਰ ਨੇ । ਜੇ ਅਜੇ ਦੋ ਮਿੰਟ ਵਾਸਤੇ ਮੈਂ ਤੇਰੇ ਵਿਚੋਂ ਉਹਨਾਂ ਨੂੰ ਵੇਖ ਸਕਦੀ ਤਾਂ !

ਗੁਲਾਬ ਦੇ ਫੁਲ ਵਿਚੋਂ ਕੌਸ਼ਲ ਦਾ ਮੁਸਕ੍ਰਾਂਦਾ ਹੋਇਆ ਚਿਹਰਾ ਦਿਸਦਾ ਏ

ਕੌਸ਼ਲ ! ਮੇਰੇ ਕੌਸ਼ਲ ! ਮੈਂ ਜਾ ਰਹੀ ਹਾਂ । ਦੂਰ ਕਿਤੇ, ਜਿਥੋਂ ਤੇਰੇ ਤਕ ਦੁੱਖਾਂ ਦੀ ਸੋ ਨਾ ਪੁੱਜੇ । ਮੈਨੂੰ ਯਾਦ ਨਾ ਕਰਿਆ ਕਰਨਾ। ( ਉਚੀ ) ਮੈਨੂੰ ਯਾਦ ਨਾ ਕਰਿਆ ਕਰਨਾ, ਕੌਸ਼ਲ !( ਹੋਰ ਉਚੀ )ਕੌਸ਼ਲ ! ਕੌਸ਼ਲ ! ਕੌਸ਼ਲ !

ਪਿਛੋਂ ਪਾਗਲਾਂ ਵਾਂਗ ਵਾਜ ਉੱਚੀ ਹੁੰਦੀ ਜਾਂਦੀ ਏ। ਲਾਜ ਬੇਤਹਾਸ਼ਾ ਦੌੜ ਉਠਦੀ ਏ।

Cut

Sri Satguru Jagjit Singh Ji eLibrary NamdhariElibrary@gmail.com

## ਸੀਨ ੪੮ *Cut to Cut*

ਸਮਾਂ—ਰਾਤ  ਥਾਂ—ਸੁਖ ਦੀ ਕੋਠੀ  ਪਾਤਰ--ਕੌਸ਼ਲ

ਪੰਡਾਲ ਦੇ ਲਾਗੇ ਬੈਠਕ ਵਿਚ ਕੌਸ਼ਲ ਕੱਲ੍ਹਾ ਸੁੱਤਾ ਹੋਇਆ ਏ। ਉਭੜਵਾਹਾ ਉਠ ਕੇ।

ਕੌਸ਼ਲ— ਕੌਣ ? ਲਾਜ ? (ਚੁਫੇਰੇ ਵੇਖ ਕੇ ਤੇ ਬਾਹਰ ਨਿਕਲਕੇ) ਲਾਜ ! ਲਾਜ ! (ਸਾਮ੍ਹਣੇ ਬਗ਼ੀਚੇ ਵਿਚ ਜਾਕੇ) ਲਾਜ ! ਕਿਧਰ ਗਈ। ਵਾਜ ਓਸੇ ਦੀ ਏ। (ਰਾਤ ਰਾਣੀ ਦੇ ਬੂਟੇ ਕੋਲ ਜਾਕੇ) ਲਾਜ ! ਲਾਜ !

ਹੋਰ ਬੂਟਿਆਂ ਵੱਲ ਵੇਖਦਾ ਫਿਰਦਾ ਏ। **Cut**

## ਸੀਨ ੪੯ *Cut to Cut*

ਸਮਾਂ—ਰਾਤ  ਥਾਂ—ਸੁਖ ਦੀ ਕੋਠੀ  ਪਾਤਰ—ਮੋਹਨ, ਪੁਸ਼ਪਾ, ਕੌਸ਼ਲ, ਸੁਖ, ਸੁਭੱਦਰਾਂ, ਨੰਦ।

ਪੁਸ਼ਪਾ ਰੋਂਦੀ ਹੋਈ ਮੋਹਨ ਦਾ ਬੂਹਾ ਖੋਲ੍ਹਦੀ ਏ। ਉਹ ਅੰਦਰ ਬੇਫ਼ਿਕਰ ਹੋਕੇ ਸੁੱਤਾ ਪਿਆ ਏ। ਪੁਸ਼ਪਾ ਉਸ ਨੂੰ ਹਿਲਾ ਕੇ ਜਗਾਉਂਦੀ ਏ।

ਪੁਸ਼ਪਾ— ਮੋਹਨ ! ਮੋਹਨ !

ਮੋਹਨ— (ਉਠਕੇ ਤੇ ਪੁਸ਼ਪਾ ਵੱਲ ਵੇਖ ਕੇ) ਕਿਉਂ ?

ਪੁਸ਼ਪਾ-- (ਅੱਖੀਂ ਅਗੇ ਕਪੜਾ ਲੈਕੇ) ਮੰਨੂੰ ਚਲਾ ਗਿਆ।

ਮੋਹਨ— ਉਹਨੂੰ ਚਲਾ ਈ ਜਾਣਾ ਚਾਹੀਦਾ ਸੀ। ਤੇ ਤੂੰ ਕਿਉਂ ਰੋਂਦੀ ਏਂ ? ਉਹ ਚਲਾ ਗਿਆ, ਤਾਂ ਕੀ ਹੋਇਆ ? ਤੇਰੀ ਲੋਕਲਾਜ ਤਾਂ ਰਹਿ ਗਈ ਨਾਂ ! ਤੇਰਾ ਰੋਣਾ

Sri Satguru Jagjit Singh Ji eLibrary  NamdhariElibrary@gmail.com

ਓਸ ਬੱਚੇ ਵਾਂਗ ਹੈ, ਜੋ ਆਪਣੇ ਈ ਦੰਦਾਂ ਨਾਲ ਆਪਣੀ ਉਂਗਲ 'ਤੇ ਦੰਦੀ ਵੱਢਕੇ ਰੋਂਦਾ ਏ। ਆਪਾਂ ਤਾਂ ਖਰੀ ਖਰੀ ਕਹਾਂਗੇ, ਕੌੜਾ ਸੱਚ।

ਪੁਸ਼ਪਾ– ( ਤਰਲੇ ਨਾਲ ਮੋਹਨ ਦੀ ਬਾਂਹ ਫੜਕੇ ) ਮੋਹਨ ! ਹੁਣ ਫੱਟਾਂ 'ਤੇ ਲੂਣ ਨਾ ਛਿੜਕ । ਚਲ ਉਠ ਵੇਖੀਏ, ਭਲਾ ਕਿਤੇ ਬਾਗ਼ ਵਿਚ ਈ ਹੋਵੇ ਤਾਂ !

ਦੋਵੇਂ ਨਿਕਲ ਕੇ ਬਾਹਰ ਬਗ਼ੀਚੇ ਵਿਚ ਆਉਂਦੇ ਨੇ। ਅਗੇ ਕੌਸ਼ਲ ਬੂਟਿਆਂ ਵਿਚ ਕਿਸੇ ਨੂੰ ਭਾਲਦਾ ਫਿਰਦਾ ਏ। ਪੁਸ਼ਪਾ ਤੇ ਮੋਹਨ ਕੋਲ ਆਣਕੇ ।

ਮੋਹਨ– ਕੌਣ ? ਕੌਸ਼ਲ ?

ਕੌਸ਼ਲ- (ਵੇਖ ਕੇ)ਮੋਹਨ ? ਹੈਂ ? ਪੁਸ਼ਪਾ ਵੀ ?

ਪੁਸ਼ਪਾ ਨੀਵੀਂ ਪਾਈ ਰੋ ਰਹੀ ਏ ਕੌਸ਼ਲ ਦੇ ਵੀ ਹੰਝੂ ਕਿਰਦੇ ਨੇ ।

ਮੋਹਨ– ਕੌਸ਼ਲ ! ਤੁਸੀਂ ਦੋਵੇਂ ਮ੍ਰਿਗ-ਤ੍ਰਿਸ਼ਨਾ ਵਿਚ ਆਣ ਫਸੇ ਓ। ਰੇਤ ਥਲੇ ਵਿਚ ਪੈਂਦੀਆਂ ਧੁੱਪ ਦੀਆਂ ਛੱਲਾਂ ਵਿਚੋਂ ਪਾਣੀ ਪਏ ਭਾਲਦੇ ਓ। ਯਾਦ ਰੱਖੋ ਤੜਪ ਤੜਪ ਕੇ ਮਰ ਜਾਓਗੇ, ਪਰ ਪਿਆਸ ਨਹੀਂ ਬੁਝਾ ਸਕੋਗੇ।

ਕੌਸ਼ਲ ਮੋਹਨ ਵੱਲ ਵੇਖ ਕੇ ਫਿਰ ਨੀਵੀਂ ਪਾ ਲੈਂਦਾ ਏ।

ਮੋਹਨ-- ਸੱਚ ਦੱਸ, ਕੌਸ਼ਲ ! ਕੀ ਤੂੰ ਲਾਜ ਬਿਨਾਂ ਜ਼ਿੰਦਾ ਰਹਿ ਸਕੇਂਗਾ ? ਉਹਨੂੰ ਦਿਲ ਵਿਚੋਂ ਕੱਢਕੇ ਪੁਸ਼ਪਾ ਨੂੰ ਓਥੇ ਥਾਂ ਦੇ ਸਕੇਂਗਾ ?

ਕੌਸ਼ਲ-- ਐ ਪਾਕ ਦਿਲ ਮੋਹਨ ! ਮੈਂ ਇਹ ਕੁਛ ਨਹੀਂ ਕਰ ਸਕਾਂਗਾ। ਮੈਨੂੰ ਇਉਂ ਪ੍ਰਤੀਤ ਹੋ ਰਿਹਾ ਏ, ਜਿਵੇਂ

Sri Satguru Jagjit Singh Ji eLibrary NamdhariElibrary@gmail.com

ਲਾਜ ਆਪਣੀ ਜਾਨ ਨਾਲ ਖੇਡਣ ਜਾ ਰਹੀ ਏ। ਮੈਨੂੰ ਉਹਦੀ ਜਾਨ ਬਚਾਉਣ ਬਦਲੇ ਜਾਣਾ ਚਾਹੀਦਾ ਏ।

ਮੋਹਨ-- ਤਾਂ ਫਿਰ ਜਾਂਦਾ ਕਿਉਂ ਨਹੀਂ ? ਛੇਤੀ ਦੌੜ ਜਾ। ਤੇਰੇ ਜਾਣ ਨਾਲ ਵਿਆਹ ਰੁਕ ਜਾਇਗਾ ਤੇ ਦੋਂਹ ਜ਼ਿੰਦਗੀਆਂ ਦਾ ਭਲਾ ਹੋ ਜਾਇਗਾ।

ਪੁਸ਼ਪਾ-- ਪਰ......

ਕੌਸ਼ਲ-- ਪੁਸ਼ਪਾ !.....

ਮੋਹਨ-- ਓ, ਤੂੰ ਖਿਸਕਣ ਦੀ ਕਰ। ਚਲ ਛੇਤੀ ਹੋ।

ਕੌਸ਼ਲ ਚਲਾ ਜਾਂਦਾ ਏ, ਮੋਹਨ ਹੱਸਦਾ ਏ।

ਮੋਹਨ-- ਹਾ—ਹਾ—ਹਾ।

ਗੱਲਾਂ ਦੀ ਵਾਜ ਸੁਣਕੇ ਸੁਖਦਿਆਲ ਤੇ ਸੁਭਦਰਾਂ ਆਉਂਦੇ ਨੇ।

ਸੁਭਦਰਾਂ-- ਹੈਂ ? ਤੁਸੀਂ ਏਥੇ ? ਏਥੇ ਕੌਸ਼ਲ ਦੀ ਵਾਜ ਆ ਰਹੀ ਸੀ।

ਮੋਹਨ-- ਪੰਛੀ ਉਡ ਗਏ। ਹੁਣ ਸ਼ਕਾਰੀ ਸਖਣੇ ਜਾਲ ਚੁਕੀ ਫਿਰਨ।

ਸੁਖਦਿਆਲ-- (ਗੁੱਸੇ ਨਾਲ ਕੜਕਕੇ) ਇਹ ਸਭ ਤੇਰੇ ਪੁਆੜੇ ਨੇ। ਨਿਕਲ ਜਾ ਏਥੋਂ, ਨਿਖੱਟੂ ਕਿਸੇ ਥਾਂ ਦਾ।

ਸੁਖਦਿਆਲ ਸੋਟੀ ਮਾਰਦਾ ਏ। ਮੋਹਨ ਸੋਟੀ ਖਾਕੇ ਵੀ ਉਸੇ ਰੰਗ ਵਿਚ ਕਹਿੰਦਾ ਏ।

ਮੋਹਨ-- ਸਾਡੀ ਲੋੜ ਤਾਂ ਹੁਣ ਈ ਪੈਣੀ ਏਂ। ਆਪਾਂ ਤਾਂ ਖਰੀ ਖਰੀ ਕਹਾਂਗੇ, ਕੌੜਾ ਸੱਚ।

ਰੌਲਾ ਸੁਣਕੇ ਨੰਦ ਕਸ਼ੋਰ ਤੇ ਕੁਝ ਹੋਰ ਆਦਮੀ ਆਉਂਦੇ ਨੇ।

Sri Satguru Jagjit Singh Ji eLibrary NamdhariElibrary@gmail.com

ਨੰਦ ਕਸ਼ੋਰ-- ਕੀ ਹੋਇਆ ਏ ?

ਮੁਖਦਿਆਲ– ਹੋਇਆ ? ਕੌਸ਼ਲ ਜਵਾਬ ਦੇਕੇ ਘਰ ਨੂੰ ਨੱਸ ਗਿਆਏ।

ਨੰਦ ਕਸ਼ੋਰ-- ਮੈਂ ਹੁਣੇ ਜਾਕੇ ਉਸਦੀ ਖ਼ਬਰ ਲੈਂਦਾ ਆਂ।

ਨੰਦ ਕਸ਼ੋਰ ਤੇ ਕੁਛ ਹੋਰ ਆਦਮੀ ਜਾਂਦੇ ਨੇ।

**Cut**

## ਸੀਨ ੫੦

*Cut to cut*

ਸਮਾਂ–ਰਾਤ ਥਾਂ–ਮੇਲੇ ਵਾਲਾ ਪਾਤਰ—ਲਾਜ

ਓਹਾ ਮੇਲੇ ਵਾਲਾ ਥਾਂ ਹੈ। ਓਸੇ ਦਰਖ਼ਤ ਲਾਗੇ ਖਲੀ ਲਾਜ ਗਾ ਰਹੀ ਏ। ਉਹਦੀਆਂ ਅਖਾਂ ਸਾਮ੍ਹਣੇ ਖ਼ਿਆਲ ਰਾਹੀਂ ਕਦੇ ਹੂ-ਬ-ਹੂ ਪਹਿਲੇ ਸੀਨ ਵਾਲਾ ਨਜ਼ਾਰਾ ਆ ਜਾਂਦਾ ਏ। ਫਿਰ ਸੁੰਞੀ ਥਾਂ ਦਾ ਨਜ਼ਾਰਾ ਹੈ।

ਗਾਣਾ ਭੁੱਲੀਆਂ ਯਾਦਾਂ ਆਵਨ ਪਿਆਰੇ।

ਜੀਉ ਜਲਾਵਨ, ਤਨ ਕਲਪਾਵਨ, ਸੀਨੇ ਦੇ ਵਿਚ ਲੰਬੂ ਲਾਵਨ,
ਵਲਵਲਿਆਂ ਦੇ ਹੰਝੂ ਬਣ ਬਣ, ਨੈਣਾਂ ਵਿਚ ਤੂਫ਼ਾਨ ਲਿਆਵਨ
ਅਥਰੂ ਡੋਲ੍ਹਨ, ਜਿੰਦੜੀ ਰੋਲਨ,
ਲਹੂ ਪੀਣ ਤਨ ਖਾਵਨ ਪਿਆਰੇ, ਭੁੱਲੀਆਂ ਯਾਦਾਂ.........
ਛੁਰੀਆਂ ਮਾਰਨ, ਕਹਿਰ ਗੁਜ਼ਾਰਨ, ਸ਼ੰਮਸ ਵਾਂਗੂੰ ਖਲ ਉਤਾਰਨ,
ਵਿਚ ਵਿਛੋੜੇ ਕੋਮਲ ਕਲੀਆਂ, ਲੋਕੋ ! ਰੂਪ ਸੂਲਾਂ ਦਾ ਧਾਰਨ,
ਕੁੱਲ ਜ਼ਮਾਨਾ, ਬਣੇ ਬਿਗਾਨਾ,
ਆਪਣੇ ਵੀ ਛੱਡ ਜਾਵਨ ਪਿਆਰੇ, ਭੁੱਲੀਆਂ ਯਾਦਾਂ.........
ਚੈਨ ਨਾ ਆਵੇ, ਜਿਉਣ ਨਾ ਭਾਵੇ, ਜਾਨ ਵਿਛੋੜਾ ਵਢ ਵਢ ਖਾਵੇ

Sri Satguru Jagjit Singh Ji eLibrary NamdhariElibrary@gmail.com

ਪਾਣੀਤੋਂ ਵਿਛੜੀ ਮਛਲੀ ਲਈ, ਸਾਰੀ ਦੁਨੀਆਂਭੁੱਠਬਣ ਜਾਵੇ
ਸਭ ਕੁਛ ਸਹਿਣਾ, 'ਹਾਏ' ਨਾ ਕਹਿਣਾ,
ਇਹ ਹੈ ਪ੍ਰੀਤ ਕਮਾਵਨ ਪਿਆਰੇ, ਭੁੱਲੀਆਂ ਯਾਦਾਂ.........

**Cut**

## ਸੀਨ ੫੧

*Cut to cut*

ਸਮਾਂ—ਰਾਤ ਥਾਂ—ਨੰਦ ਦੀ ਕੋਠੀ ਪਾਤਰ—ਕੌਸ਼ਲ, ਸੁਮਿਤਰਾਂ, ਨੰਦ, ਹੋਰ

ਪਾਗਲਾਂ ਵਾਂਗ ਦੌੜਦਾ ਹੋਇਆ ਕੌਸ਼ਲ ਆਉਂਦਾ ਏ, ਤੇ ਉੱਚੀ ਉੱਚੀ ਵਾਜਾਂ ਮਾਰਦਾ ਏ।

ਕੌਸ਼ਲ— ਲਾਜ! ਲਾਜ! ਮੈਂ ਆ ਗਿਆ।

ਉਹਦੀ ਵਾਜ ਸੁਣ ਕੇ ਸੁਮਿਤਰਾਂ ਤੇ ਘਰ ਦੇ ਨੌਕਰ ਜਾਗ ਪੈਂਦੇ ਨੇ। ਕੌਸ਼ਲ ਲਾਜ ਦੇ ਕਮਰੇ ਕੋਲ ਜਾਕੇ ਧੱਕਾ ਮਾਰ ਕੇ ਬੂਹਾ ਖੋਲ੍ਹਦਾ ਏ।

ਕੌਸ਼ਲ— ਲਾਜ ਮੈਂ ਆ ਗਿਆ। (ਕਮਰਾ ਖ਼ਾਲੀ ਵੇਖਕੇ ਬਾਹਰ ਨਿਕਲ ਕੇ ਉਚੀ ) ਲਾਜ! ਲਾਜ!

ਸੁਮਿਤਰਾਂ— ਕੌਸ਼ਲ! ਤੂੰ ਇਹ ਕੀ ਕੀਤਾ?

ਕੌਸ਼ਲ— (ਪਾਗਲਾਂ ਵਾਂਗ) ਲਾਜ! ਮੈਂ ਤੇਰਾ ਹਾਂ। ਲਾਜ!

ਬਾਹਰ ਨੂੰ ਭਜਣ ਲਗਦਾ ਏ, ਪਰ ਅਗੋਂ ਨੰਦ ਕਸ਼ੋਰ ਤੇ ਕੁਛ ਹੋਰ ਬੰਦੇ ਆ ਜਾਂਦੇ ਨੇ।

ਨੰਦ ਕਸ਼ੋਰ- ਫੜ ਲਓ ਇਸ ਨਿਰਲੱਜ ਨੂੰ। ਇਹਨੇ ਮੇਰੀ ਇੱਜ਼ਤ ਮਿੱਟੀ ਵਿਚ ਮਿਲਾ ਦਿੱਤੀ ਏ।

Sri Satguru Jagjit Singh Ji eLibrary NamdhariElibrary@gmail.com

ਪੰਜ ਛੇ ਬੰਦੇ ਕੌਸ਼ਲ ਨੂੰ ਫੜ ਲੈਂਦੇ ਨੇ। ਉਹਨਾਂ ਕੋਲੋਂ ਆਪਣਾ ਆਪ ਛੁਡਾਉਣ ਦਾ ਚਾਰਾ ਕਰਦਾ ਹੋਇਆ।

ਕੌਸ਼ਲ- (ਉਚੀ) ਲਾਜ ! ਲਾਜ !

ਨੰਦ ਕਸ਼ੋਰ-ਅੰਦਰ ਬੰਦ ਕਰ ਦਿਉ।

ਕੌਸ਼ਲ ਨੂੰ ਲਾਜ ਦੇ ਕਮਰੇ ਵਿਚ ਬੰਦ ਕਰ ਦੇਂਦੇ ਨੇ। ਉਹ ਅੰਦਰੋਂ ਬੂਹਾ ਖੜਕਾਉਂਦਾ ਹੋਇਆ ਕਹਿੰਦਾ ਏ।

ਕੌਸ਼ਲ— ਲਾਜ ! ਮੈਂ ਤੇਰਾ ਹਾਂ, ਤੇ ਸਦਾ ਤੇਰਾ ਰਹਾਂਗਾ।

**Cut**

## ਸੀਨ ਪਹ *Cut to cut*

ਸਮਾਂ–ਰਾਤ ਥਾਂ–ਉਜਾੜ ਪਾਤਰ–ਲਾਜ,ਮਨੋਹਰ

ਲਾਜ ਉਜਾੜ ਵਿਚ ਰੇਲ ਦੀ ਲੀਹ ਤੇ ਖਲੀ ਏ। ਦੂਰੋਂ ਗੱਡੀ ਦਾ ਚਾਨਣ ਦਿਸਦਾ ਏ। ਏਸੇ ਪਾਸੇ ਦੂਰੋਂ ਮਨੋਹਰ ਕਤਾਬਾਂ ਦਾ ਥੈਲਾ ਚੁੱਕੀ ਆ ਰਿਹਾ ਏ।

ਲਾਜ— ਕੌਸ਼ਲ ! ਮੈਂ ਤੇਰੀ ਹਾਂ, ਤੇ ਸਦਾ ਤੇਰੀ ਰਹਾਂਗੀ। ਮੇਰਾ ਖ਼ਿਆਲ ਸੀ, ਕਿ ਤੇਰੇ ਪਿਆਰ ਦੇ ਸੁਖ ਮਾਨਣ ਵਾਲੀ ਲਾਜ, ਹੁਣ ਬ੍ਰਿਹੋਂ ਦੇ ਸੱਲ ਸਹਿਣ ਵਾਸਤੇ ਵੀ ਜਿਉਂਦੀ ਰਹਿ ਸਕੇਗੀ। ਪਰ ਮੇਰਾ ਖ਼ਿਆਲ ਗ਼ਲਤ ਨਿਕਲਿਆ। ਮੈਂ ਹਿੰਮਤ ਹਾਰ ਬੈਠੀ ਆਂ। ਹੁਣ ਹੋਰ ਨਹੀਂ ਝੱਲਿਆ ਜਾਂਦਾ। ਮੈਂ ਕੇਵਲ ਮਰਨ ਵਾਸਤੇ ਈ ਤੈਥੋਂ ਵਿਛੜਕੇ ਹੁਣ ਤਕ ਜਿਉਂਦੀ ਰਹੀ ਆਂ। ਮੈਂ ਤੇਰੇ ਘਰ ਦੇ ਕੋਲ ਮਰਕੇ ਤੇਰਾ ਜੀਵਨ ਦੁਖੀ ਨਹੀਂ ਸਾਂ ਕਰਨਾ ਚਾਹੁੰਦੀ। ਹੁਣ ਵੀ ਮੇਰੀ

Sri Satguru Jagjit Singh Ji eLibrary NamdhariElibrary@gmail.com

ਖ਼ਾਹਸ਼ ਏ, ਕਿ ਮੇਰੇ ਮਰਨ ਦਾ ਤੈਨੂੰ ਪਤਾ ਨਾ ਲੱਗੇ।
ਹੱਛਾ, ਰੱਬ ਵਾੱਲੀ। ਮੈਂ ਜਾ ਰਹੀ ਆਂ।

ਲਾਜ ਰੇਲ ਦੀ ਪਟੜੀ 'ਤੇ ਧੌਣ ਰਖਕੇ ਲੰਮੀ ਪੈ ਜਾਂਦੀ ਏ। ਦੂਰੋਂ ਮਨੋਹਰ ਖਲੋਕੇ ਵੇਖਦਾ ਏ। (ਕੈਮਰਾ ਉਸ ਕੋਲ)

ਮਨੋਹਰ– (ਉਚੀ) ਮੈਂ ਆ ਰਿਹਾ ਹਾਂ।

ਮਨੋਹਰ ਇਕ ਦਮ ਦੌੜ ਉਠਦਾ ਏ। ਗੱਡੀ ਤੇ ਮਨੋਹਰ ਨੇੜੇ ਨੇੜੇ ਆ ਰਹੇ ਨੇ। ਐਨ ਵੇਲੇ ਸਿਰ ਪਹੁੰਚਕੇ ਮਨੋਹਰ ਲਾਜ ਨੂੰ ਜੱਫਾ ਭਰਕੇ ਲੀਹ ਤੋਂ ਉਠਾ ਲੈਂਦਾ ਏ। ਗੱਡੀ ਕੋਲ ਦੀ ਲੰਘ ਗਈ ਏ। ਲਾਜ ਉਸਦੀਆਂ ਬਾਹੀਂ 'ਚੋਂ ਨਿਕਲਨ ਦਾ ਯਤਨ ਕਰਦੀ ਏ।

ਲਾਜ– ਛਡ ਦੇ ਮੈਨੂੰ। ਕੌਣ ਏਂ ਤੂੰ ..........

ਗੱਡੀ ਲੰਘ ਜਾਂਦੀ ਏ, ਤਾਂ ਮਨੋਹਰ ਛਡਦਾ ਏ।

ਮਨੋਹਰ– (ਪਛਾਣ ਕੇ) ਹੈਂ ? ਲਾਜ ?

ਲਾਜ– (ਸੁਰਤ ਸੰਭਾਲ ਕੇ) ਕੌਣ ? ਡਾਕਟਰ ਮਨੋਹਰ ?

ਮਨੋਹਰ- ਹਾਂ।

ਲਾਜ– ਤੁਸਾਂ ਮੇਰੇ ਨਾਲ ਪਾਪ ਕੀਤਾ ਏ। ਮੈਨੂੰ ਮਰਨੋ ਬਚਾਕੇ ਮੇਰੇ ਦੁੱਖਾਂ ਦੀ ਉਮਰ ਵਧਾਈ ਏ।

ਮਨੋਹਰ– ਸ਼ਾਂਤ ਹੋ, ਲਾਜ! ਮੈਂ ਪਾਪ ਨਹੀਂ ਕੀਤਾ। ਸਭ ਤੋਂ ਵੱਡਾ ਪਾਪ ਆਤਮਘਾਤ ਏ।

ਲਾਜ– ਪਰ ਤੂੰ ਏਂ ਦੱਸ, ਮਨੋਹਰ! ਮੈਂ ਹੁਣ ਕਿਸ ਆਸਰੇ ਜੀਵਾਂ ?

ਮਨੋਹਰ– ਹਿੰਮਤ ਨਹੀਂ ਹਾਰੀ ਦੀ ਲਾਜ! ਮੈਂ ਵੀ ਤਾਂ ਕਿਵੇਂ ਜੀਵਾਂਗਾ ਈ। ਆਪਾਂ ਦੋਵੇਂ ਦੁਖੀ ਆਂ। ਕੀ ਆਪਾਂ

Sri Satguru Jagjit Singh Ji eLibrary NamdhariElibrary@gmail.com

ਦੋਵੇਂ ਭੈਣ ਭਰਾ ਬਣਕੇ ਉਮਰ ਨਹੀਂ ਬਿਤਾ ਸਕਦੇ। ਕਿਸੇ ਸ਼ਹਿਰ ਵਿਚ ਅਸੀਂ ਡਾਕਟਰੀ ਦੀ ਦੁਕਾਨ ਖੋਲ੍ਹ ਲਵਾਂਗੇ। ਗ਼ਰੀਬਾਂ ਦੀ ਸੇਵਾ ਕਰਨਾ ਆਪਣਾ ਨਸ਼ਾਨਾ ਬਣਾ ਲਵਾਂਗੇ। ਗ਼ਰੀਬਾਂ ਦੀਆਂ ਅਸੀਸਾਂ ਵਿਚੋਂ ਸਦਾ ਰਹਿਣ ਵਾਲਾ ਸੁਖ ਮਿਲਦਾ ਏ, ਲਾਜ ! ਚੱਲ, ਅਸੀਂ ਜ਼ਿੰਦਗੀ ਦਾ ਨਵਾਂ ਰਾਹ ਵੇਖਾਂਗੇ।

ਜਾਂਦੇ ਨੇ।

**Fade out**

## ਸੀਨ ੫੩

*Fade in*

ਸਮਾਂ—ਦਿਨ ਥਾਂ—ਸੁਖ ਦੀ ਕੋਠੀ ਪਾਤਰ-ਪੁਸ਼ਪਾ, ਮੋਹਨ

ਪੁਸ਼ਪਾ ਅੰਦਰ ਬੈਠੀ ਰੋ ਰਹੀ ਏ। ਮੋਹਨ ਕੋਲ ਖਲਾ ਏ।

ਮੋਹਨ- ਅਸੀਂ ਜ਼ਿੰਦਗੀ ਦਾ ਨਵਾਂ ਰਾਹ ਵੇਖਾਂਗੇ, ਪੁਸ਼ਪਾ ! ਮੈਂ ਮੰਨੂੰ ਨੂੰ ਲਭਕੇ ਲਿਆਵਾਂਗਾ। ਤੇਰੇ ਰੋਗ ਦਾ ਇਲਾਜ ਏਹਾ ਹੈ।

ਜਾਂਦਾ ਏ।

Cut

## ਸੀਨ ੫੪

*Cut to cut*

ਸਮਾਂ—ਦਿਨ ਥਾਂ—ਮਨੋਹਰ ਦੀ ਡਿਸਪੈਨਸਰੀ ਪਾਤਰ—ਮਨੋਹਰ, ਲਾਜ, ਰੋਗੀ

ਦੋ ਬੂਹਿਆਂ ਵਾਲੀ ਦੁਕਾਨ ਏਂ। ਇਕ ਬੂਹੇ ਅਗੇ ਮੇਜ਼ ਕੁਰਸੀ ਲਾਈ ਬੈਠਾ ਡਾ. ਮਨੋਹਰ ਮਰੀਜ਼ਾਂ ਨੂੰ ਵੇਖ ਕੇ ਪਰਚੀਆਂ ਦੇ ਰਿਹਾ ਏ। ਦੂਜੇ ਬੂਹੇ ਅਗੇ ਖਲੀ ਲਾਜ ਮਰੀਜ਼ਾਂ ਨੂੰ ਦਵਾਈਆਂ ਦੇ ਰਹੀ ਏ।

ਮਨੋਹਰ- (ਇਕ ਮਰੀਜ਼ ਨੂੰ ਪਰਚੀ ਦੇਂਦਾ ਹੋਇਆ) ਤੇਰੇ ਰੋਗ ਦਾ ਇਲਾਜ

Sri Satguru Jagjit Singh Ji eLibrary NamdhariElibrary@gmail.com

ਏਹਾ ਹੈ। ਤੂੰ ਭਰੋਸੇ ਨਾਲ ਦਵਾਈ ਖਾਂਦਾ ਜਾ।

ਉਹ ਮਰੀਜ਼ ਜਾਂਦਾ ਏ। ਇਕ ਹੋਰ ਮਾਈ ਬੱਚੇ ਨੂੰ ਅਗਾਂਹ ਕਰਕੇ

ਮਾਈ– ਜਿਵੇਂ ਜਾਣਦੇ ਓ, ਮੇਰੇ ਬੱਚੇ ਦੀ ਜਾਨ ਬਚਾਓ।

Cut

## ਸੀਨ ੫੫

*Cut to cut*

ਸਮਾਂ–ਦਿਨ ਥਾਂ–ਨੰਦ ਦੀ ਕੋਠੀ ਪਾਤਰ—ਨੰਦ, ਸੁਮਿਤਰਾਂ ਮੋਹਨ, ਸੁਖ, ਸੁਭਦਰਾਂ

ਬੈਠਕ ਵਿਚ ਨੰਦ ਕਸ਼ੋਰ, ਸੁਖਦਿਆਲ, ਸੁਮਿਤਰਾਂ ਤੇ ਸੁਭਦਰਾਂ ਬੈਠੇ ਨੇ। ਬੰਦੇ ਦੋਵੇਂ ਨੀਵੀਂ ਪਾਈ ਬੈਠੇ ਨੇ ਤੇ ਇਸਤਰੀਆਂ ਰੋ ਰਹੀਆਂ ਨੇ।

ਸੁਮਿਤਰਾਂ– (ਨੰਦ ਦੀ ਬਾਂਹ ਫੜਕੇ) ਜਿਵੇਂ ਜਾਣਦੇ ਓ, ਮੇਰੇ ਬੱਚੇ ਦੀ ਜਾਨ ਬਚਾਓ। ਐਨੇ ਪੱਥਰ-ਦਿਲ ਨਾ ਬਣੋ। ਮੇਰੀ ਏਹੀ ਇਕ ਨਿੰਮ-ਨਸ਼ਾਨੀ ਏਂ। ਓਸ ਦਿਨ ਦਾ ਉਹਨੇ ਕੁਛ ਨਹੀਂ ਖਾਧਾ ਪੀਤਾ। ਸਾਰੀ ਰਾਤ ਤਖ਼ਤਿਆਂ ਨਾਲ ਟਕਰਾਂ ਮਾਰਦਾ ਰਹਿੰਦਾ ਏ।

ਨੰਦ ਕਸ਼ੋਰ ਭਰੀਆਂ ਅਖਾਂ ਨਾਲ ਉਸ ਵੱਲ ਵੇਖ ਕੇ ਫਿਰ ਨੀਂਵੀ ਪਾ ਲੈਂਦਾ ਏ।

ਸੁਮਿਤਰਾਂ– ਨਿਰੀ ਲੋਕਲਾਜ ਨੂੰ ਮੈਂ ਰਗੜਕੇ ਮੱਥੇ 'ਤੇ ਲਾਵਾਂਗੀ? ਹਾਇ, ਜੇ ਮੈਨੂੰ ਏਸ ਦਿਨ ਦਾ ਪਤਾ ਹੁੰਦਾ, ਤਾਂ ਮੈਂ ਉਹਦਾ ਵਿਆਹ ਲਾਜ ਨਾਲ ਕਰ ਦੇਂਦੀ।

ਸੁਭਦਰਾਂ– ਮੈਨੂੰ ਵੀ–ਭੈਣ !– ਪਤਾ ਹੁੰਦਾ, ਤਾਂ ਮੈਂ ਵੀ ਕਿਸੇ

Sri Satguru Jagjit Singh Ji eLibrary NamdhariElibrary@gmail.com

ਦੀ ਨਾ ਮੰਨਦੀ। ਮੈਂ ਮਨੋਹਰ ਦੇ ਹੱਥ ਈ ਪੁਸ਼ਪਾ ਦੀ ਬਾਂਹ ਦੇ ਦੇਂਦੀ!

ਮੋਹਨ ਅੰਦਰ ਆਉਂਦਾ ਏ।

ਮੋਹਨ– ਹੁਣ ਅੱਖੀਂ ਖੁਲ੍ਹੀਆਂ ਨੇ ਚਾਰ ਜਾਨਾਂ ਮੌਤ ਦੇ ਮੂੰਹ ਵਿਚ ਦੇਕੇ? ਹੁਣ ਵੀ ਲੋਕਲਾਜ ਰੱਖੋ, ਧੀਆਂ ਪੁੱਤਰਾਂ ਦੀ ਕੀ ਲੋੜ ਏ? ਤੁਸੀਂ ਬੱਚਿਆਂ ਦੇ ਮਾਪੇ ਨਹੀਂ, ਕਾਤਲ ਓ। ਆਪਾਂ ਤਾਂ ਖਰੀ ਖਰੀ ਕਹਾਂਗੇ, ਕੌੜਾ ਸੱਚ।

ਸੁਖਦਿਆਲ– (ਉਠਕੇ ਤੇ ਗੁੱਸੇ ਨਾਲ ਸੋਟੀ ਚੁਕਕੇ) ਨਿਕਲ ਜਾ ਏਥੋਂ, ਨਿਖੱਟੂ ਕਿਸੇ ਥਾਂ ਦਾ। ਇਹ ਅੱਗ ਲਾਈ ਹੋਈ ਕੀਹਦੀ ਏ?

ਮੋਹਨ– ਹੱਛਾ, ਜੇ ਲੱਗੀ ਮੇਰੀ ਲਾਈ ਏ, ਤਾਂ ਬੁਝਾਵਾਂਗਾ ਵੀ ਮੈਂ ਈਂ। ਲਓ, ਆਪਾਂ ਚਲਦੇ ਆਂ, ਰੱਬ ਵਾਲੀ।

ਜਾਂਦਾ ਏ **Dissolve**

## ਸੀਨ ੫੯

ਸਮਾਂ—ਦਿਨ ਥਾਂ—ਕਈ ਸਟੇਸ਼ਨ ਪਾਤਰ—ਮੋਹਨ

ਮੋਹਨ ਰੇਲ ਵਿਚ ਅਸਵਾਰ ਏ। ਕਈ ਸਟੇਸ਼ਨ—ਜਿਵੇਂ ਜਾਲੰਧਰ, ਲੁਧਿਆਣਾ, ਪਟਿਆਲਾ, ਅੰਬਾਲਾ, ਆਦਿ—ਆਉਂਦੇ ਨੇ, ਹਰ ਸਟੇਸ਼ਨ 'ਤੇ ਮੋਹਨ ਉਤਰਦਾ ਏ ਤੇ ਡੀਜ਼ਾਲਵ ਕਰ ਕੇ ਫਿਰ ਚੜ੍ਹਦਾ ਦਿਸਦਾ ਏ।

**Cut**

Sri Satguru Jagjit Singh Ji eLibrary NamdhariElibrary@gmail.com

# ਸੀਨ ਪ੭

*Cut to cut*

ਸਮਾਂ–ਦਿਨ ਥਾਂ–ਮਨੋਹਰ ਦਾ ਘਰ ਪਾਤਰ–ਲਾਜ, ਮਨੋਹਰ

ਲਾਜ ਕਮਰੇ ਵਿਚ ਵਾਲ ਸਵਾਰ ਰਹੀ ਏ। ਸਾਮ੍ਹਣੇ ਛੋਟੇ ਜਹੇ ਫ਼ਰੇਮ ਵਿਚ ਕੌਸ਼ਲ ਦੀ ਫ਼ੋਟੋ ਪਈ ਏ। ਲਾਜ ਗਾਉਂਦੀ ਏ।

ਗਾਣਾ

ਗੀਤ ਮੇਰੇ ਰੋਕੇ ਨਹੀਂ ਰਹਿੰਦੇ, ਪਰ ਸੁਣਨੇ ਵਾਲੇ ਨਹੀਂ ਕੋਲ।

ਜਿੰਨਾ ਚਿਰ ਸਨ ਗੀਤ ਕਵਾਰੇ,
ਥਪਕ ਸੁਆ ਲੈਂਦੀ ਸਾਂ ਪਿਆਰੇ,
ਹੋ ਗਏ ਸ਼ੋਖ਼ ਜਦੋਂ ਦੇ ਵਿਆਹੇ,
ਨਹੀਂ ਹੁਣ ਪਹਿਲਾਂ ਜਹੇ ਅਨਭੋਲ
ਗੀਤ ਮੇਰੇ ਰੋਕੇ ਨਹੀਂ ਰਹਿੰਦੇ, ਪਰ..................

ਦਿਲ ’ਤੇ ਰਖ ਲੱਜਿਆ ਦੇ ਦਾਬੂ,
ਗੀਤਾਂ ਨੂੰ ਲਖ ਰੱਖਾਂ ਕਾਬੂ,
ਮੀਟੀਆਂ ਬੁਲ੍ਹੀਆਂ ’ਤੇ ‘ਊਂ ਊਂ’ ਕਰ,
ਕੰਨਾਂ ਦੇ ਵਿਚ ਪੈਂਦੇ ਬੋਲ
ਗੀਤ ਮੇਰੇ ਰੋਕੇ ਨਹੀਂ ਰਹਿੰਦੇ, ਪਰ..................

ਨਾ ਸਾਵਣ, ਨਾ ਬਾਗ਼ ਬਹਾਰਾਂ,
ਕੋਇਲ ਪਪੀਹੇ ਸੁਣਾ ਹਜ਼ਾਰਾਂ,
ਲਖ ਤਰਬਾਂ ਮਨ ਅੰਦਰ ਗੂੰਜਣ,
ਕੀਕਰ ਜੀਉੜਾ ਰਹੇ ਅਡੋਲ ?
ਗੀਤ ਮੇਰੇ ਰੋਕੇ ਨਹੀਂ ਰਹਿੰਦੇ, ਪਰ.................

ਡਾ. ਮਨੋਹਰ ਅੰਦਰ ਆਉਂਦਾ ਏ।

Sri Satguru Jagjit Singh Ji eLibrary NamdhariElibrary@gmail.com

ਮਨੋਹਰ– (ਲਾਜ ਦੇ ਮੋਢੇ 'ਤੇ ਹੱਥ ਧਰਕੇ) ਲਾਜ ਭੈਣ ! ਏਡੀ ਛੋਟੀ ਜਵਾਨੀ ਹੰਝੂਆਂ ਵਿਚ ਖੁਰਨ ਨਹੀਂ ਲੱਗੀ । ਰੋ ਰੋ ਕੇ ਦੁੱਖਾਂ ਦਾ ਹੌਸਲਾ ਨਾ ਵਧਾ। ਬਲ ਧਾਰ । ਸਾਨੂੰ ਆਪਣੇ ਅੰਦਰ ਹਰ ਮੁਸੀਬਤ ਦਾ ਟਾਕਰਾ ਕਰਨ ਜੋਗੀ ਹਿੰਮਤ ਪੈਦਾ ਕਰਨੀ ਚਾਹੀਦੀ ਏ। ਸਾਨੂੰ ਲੋਕ-ਸੇਵਾ ਵਿਚ ਆਪਣਾ ਜੀਵਨ ਪਰਚਾ ਲੈਣਾ ਚਾਹੀਦਾ ਏ। ਵੇਖੂਾਂ ! ਆਪਣੀ ਛੋਟੀ ਜੇਹੀ ਡਿਸਪੈਨਸਰੀ ਹੁਣ ਕਿੱਡਾ ਵੱਡਾ ਹਸਪਤਾਲ ਬਣ ਗਿਆ ਏ। ਚੱਲੋ, ਛੇਤੀ ਚੱਲੀਏ। ਓਥੇ ਕਈ ਮਰੀਜ਼ ਸਾਨੂੰ ਉਡੀਕ ਰਹੇ ਹੋਣਗੇ ।

ਜਾਂਦੇ ਨੇ । **Cut**

## ਸੀਨ ੫੮ *Cut to cut*

ਸਮਾਂ–ਦਿਨ ਥਾਂ–ਸੁਖ ਦੀ ਕੋਠੀ ਪਾਤਰ–ਪੁਸ਼ਪਾ, ਸੁਭਦਰਾਂ

ਪੁਸ਼ਪਾ ਮੰਜੇ 'ਤੇ ਬੀਮਾਰ ਤੜਪ ਰਹੀ ਏ। ਕੋਲ ਬੈਠੀ ਸੁਭਦਰਾਂ ਰੋ ਰਹੀ ਏ।

ਪੁਸ਼ਪਾ– ਮੇਰੀ ਉਡੀਕ ਵੀ ਕਦੇ ਪੂਰੀ ਹੋਵੇਗੀ ? (ਫਿਰ ਸੁਭਦਰਾਂ ਦੀ ਬਾਂਹ ਫੜਕੇ) ਮਾਂ ! ਮਰੀਜ਼ ਕੋਲ ਦੋਹਾਂ 'ਚੋਂ ਇਕ ਜ਼ਰੂਰ ਆਉਣਾ ਚਾਹੀਦਾ ਏ, ਮੌਤ ਜਾਂ ਡਾਕਟਰ।

Cut

## ਸੀਨ ੫੯ *Cut to cut*

ਸਮਾਂ–ਦਿਨ ਥਾਂ–ਮਨੋਹਰ ਦਾ ਹਸਪਤਾਲ ਪਾਤਰ––ਮਨੋਹਰ, ਲਾਜ, ਹੋਰ

ਬੜੀ ਵੱਡੀ ਸਾਰੀ ਇਮਾਰਤ ਏ। ਕਈ ਨੌਕਰ ਹਨ। ਬਰਾਂਡੇ

Sri Satguru Jagjit Singh Ji eLibrary NamdhariElibrary@gmail.com

ਵਿਚ ਬੈਂਚਾਂ ਉਤੇ ਕਈ ਮਰੀਜ਼ ਬੈਠੇ ਹਨ। ਮਨੋਹਰ ਤੇ ਲਾਜ ਫਿਰਕੇ ਵੇਖ ਰਹੇ ਹਨ, ਤੇ ਇਕ ਅਸਿਸਟੈਂਟ ਨਾਲ ਪਰਚੀਆਂ ਲਿਖ ਰਿਹਾ ਏ। ਇਕ ਰੋਗਣ ਪੁਕਾਰਦੀ ਏ।

ਰੋਗਣ– ਡਾਕਟਰ! ਡਾਕਟਰ! ਮੈਂ ਮਰ ਰਹੀ ਹਾਂ। ਹਾ-ਇ, ਹਾ-ਇ।

ਮਨੋਹਰ-- ਘਬਰਾ ਨਹੀਂ, ਬੀਬੀ! ਤੂੰ ਮਰਦੀ ਨਹੀਂ।

ਮਨੋਹਰ ਉਸਨੂੰ ਵੇਖਕੇ ਪਰਚੀ ਲਿਖਵਾਂਦਾ ਏ।

ਮਨੋਹਰ-- ਫ਼ੀਵਰ ਮਿਕਸਚਰ, ਨਾਲ ਏ. ਪੀ. ਸੀ. ਪੁੜੀਆਂ।

ਅਗਲੇ ਰੋਗੀ ਦਾ ਪੇਟ ਨੱਪਕੇ ਮਨੋਹਰ ਵੇਖਦਾ ਏ।

ਰੋਗੀ-- ਹਾਇ, ਮਰ ਗਿਆ।

**Cut**

## ਸੀਨ ੬੦

*Cut to cut*

ਸਮਾਂ--ਦਿਨ ਥਾਂ--ਬਾਜ਼ਾਰ ਪਾਤਰ–ਮੋਹਨ, ਹੱਟੀਵਾਲਾ, ਲੜਕਾ, ਸਿਪਾਹੀ, ਹੋਰ

ਬਾਜ਼ਾਰ ਵਿਚ ਇਕ ਦੁਕਾਨਦਾਰ ਆਪਣੇ ਮੁੰਡੇ ਨੂੰ ਮਾਰ ਰਿਹਾ ਏ। ਦੂਰੋਂ ਮੋਹਨ ਆਉਂਦਾ ਏ।

ਲੜਕਾ– ਹਾਇ ਮਰ ਗਿਆ। ਹਾਇ ਮਰ ਗਿਆ।

ਦੁਕਾਨਦਾਰ-ਮੈਂ ਤੇਰੀ ਜਾਨ ਕੱਢ ਕੇ ਛਡਾਂਗਾ। ਮੁੰਡੇ ਨੂੰ ਮਾਰਦਾ ਏ।

ਮੁੰਡਾ– ਹਾਇ! ਹਾਇ ਮਰ ਗਿਆ। ਮੋਹਨ ਆਉਂਦਾ ਏ।

ਮੋਹਨ--- (ਦੁਕਾਨਦਾਰ ਨੂੰ ਬਾਹੋਂ ਫੜਕੇ) ਖ਼ਬਰਦਾਰ! ਕਿਉਂ ਮਾਰਦਾਏਂ, ਇਸ ਵਿਚਾਰੇ ਨੂੰ।

ਦੁਕਾਨਦਾਰ-ਤੂੰ ਕੌਣ ਹੁੰਦਾ ਏਂ ਮੈਨੂੰ ਟੋਕਣ ਵਾਲਾ? ਮੇਰਾ ਮੁੰਡਾ ਏ, ਭਾਵੇਂ ਮਾਰਾਂ, ਭਾਵੇਂ ਰੱਖਾਂ।

Sri Satguru Jagjit Singh Ji eLibrary NamdhariElibrary@gmail.com

ਮੋਹਨ– ਮੁੰਡਾ ਤੇਰਾ ਈ ਸਹੀ, ਪਰ ਮਾਰਨ ਦਾ ਤੈਨੂੰ ਕੋਈ ਹੱਕ ਨਹੀਂ। ਉਹ ਜ਼ਮਾਨਾ ਗੁਜ਼ਰ ਗਿਆ। ਬਦਲੀ ਹੋਈ ਦੁਨੀਆਂ ਨਾਲ ਹੁਣ ਮਾਪਿਆਂ ਨੂੰ ਵੀ ਬਦਲਨਾ ਪਵੇਗਾ। ਤੂੰ ਸਮਝਾਕੇ ਇਸ ਨੂੰ ਆਪਣੇ ਖ਼ਿਆਲਾਂ ਦਾ ਬਣਾ ਸਕਦਾ ਏਂ, ਪਰ ਮਾਰ ਨਹੀਂ ਸਕਦਾ।

ਦੁਕਾਨਦਾਰ-(ਕ੍ਰੋਧ ਨਾਲ ਉਚੀ) ਮੈਂ ਮਾਰਾਂਗਾ।

ਮੋਹਨ– (ਬਾਹੀਂ ਟੰਗਕੇ, ਤਿਆਰ ਹੋਕੇ) ਮਾਰ ਫਿਰ।

ਦੁਕਾਨਦਾਰ-ਖਲੋ ਫਿਰ। ਪਹਿਲਾਂ ਤੂੰ ਈਂ ਵੇਖਲੈ?

ਦੁਕਾਨਦਾਰ ਮੋਹਨ ਨੂੰ ਘਸੁੰਨ ਕਢ ਮਾਰਦਾ ਏ। ਮੋਹਨ ਉਸਨੂੰ ਚੁਕਕੇ ਜ਼ਮੀਨ 'ਤੇ ਮਾਰਦਾ ਏ। ਲੋਕ ਕੱਠੇ ਹੋ ਜਾਂਦੇ ਨੇ। ਦੋ ਸਿਪਾਹੀ ਆ ਜਾਂਦੇ ਨੇ।

ਸਿਪਾਹੀ-- ਖੜੇ ਹੋ ਵੇ, ਉਇ!

ਮੋਹਨ ਤੇ ਦੁਕਾਨਦਾਰ ਉਠ ਖਲੋਂਦੇ ਨੇ।

ਸਿਪਾਹੀ– ਕੀ ਗੱਲ ਏ, ਉਇ!

ਦੁਕਾਨਦਾਰ-(ਰੋ ਕੇ) ਸਰਕਾਰ! ਇਹਨੇ ਮਾਰ ਮਾਰਕੇ ਮੇਰੀ ਪੱਸਲੀ ਤੋੜ ਦਿੱਤੀ ਏ। ਇਹ ਐਵੇਂ ਮੇਰੇ ਗਲ ਪੈ ਗਿਆ ਏ।

ਸਿਪਾਹੀ– (ਮੋਹਨ ਨੂੰ) ਕਿਉਂ, ਉਇ!

ਮੋਹਨ– ਉਇ ਦਾ ਕੀ ਮਤਲਬ? ਬੰਦਿਆਂ ਵਾਂਗ ਬੋਲਣਾ ਸਿੱਖੋ। ਇਹਨੂੰ ਪੁੱਛੋ, ਇਹ ਵਿਚਾਰੇ ਬਾਲ ਨੂੰ ਕਿਉਂ ਮਾਰਦਾ ਸੀ?

ਮੁੰਡਾ ਕੋਲ ਖਲਾ ਬੁਸਕਦਾ ਏ।

ਦੁਕਾਨਦਾਰ-ਮੈਂ, ਸਰਕਾਰ! ਆਵਦੇ ਮੁੰਡੇ ਨੂੰ ਮਾਰ ਰਿਹਾ ਸਾਂ। ਇਹਨੇ ਸਾਰੀ ਦੁਕਾਨ ਲੁਟਾ ਦਿਤੀ ਏ।

Sri Satguru Jagjit Singh Ji eLibrary NamdhariElibrary@gmail.com

ਮੁੰਡਾ– (ਬੁਸਕਦਾ ਹੋਇਆ) ਨਹੀਂ, ਜੀ! ................ ਮੈਂ ਪੂਰਾ ਮੁੱਲ ਵਟਦਾ ਹਾਂ। ਉਦਣ ਜਲਸੇ ਵਿਚ ਇਕ ਬੰਦੇ ਨੇ ਕਿਹਾ ਸੀ, ਕਿ ਬਲੈਕ ਕਰਨੀ ਪਾਪ ਏ। ਮੈਥੋਂ ਇਹ ਪਾਪ ਨਹੀਂ ਹੁੰਦਾ, ਭਾਵੇਂ ਰੋਜ਼ ਮਾਰ ਪਵੇ।

ਮੋਹਨ– ਸੁਣ ਲਿਆ ਜੇ ਨਾਂ। ਇਹ ਨੀਚ ਸੁਭਾਅ ਬਣ ਗਿਆ ਜੇ ਇਹਨਾਂ ਬਲੈਕ ਮਾਰਕੀਟੀਆਂ ਦਾ। ਜਿੰਨਾਂ ਚਿਰ ਮੁਲਕ ਵਿਚੋਂ ਬਲੈਕ ਨਹੀਂ ਹਟਦੀ, ਮੁਲਕ ਦਾ ਭਲਾ ਨਹੀਂ ਹੁੰਦਾ। ਬਲੈਕ ਕਰਨ ਵਾਲਾ, ਲਹੂ ਪੀਣੇ ਚੰਡਾਲ ਨਾਲੋਂ ਵੀ ਬੁਰਾ ਏ। ਰੱਬ ਕਾਤਲ ਨੂੰ ਬਖ਼ਸ਼ ਦੇਵੇਗਾ, ਪਰ ਬਲੈਕ ਕਰਨ ਵਾਲੇ ਨੂੰ ਨਹੀਂ ਬਖ਼ਸ਼ੇਗਾ। ਆਪਾਂ ਤਾਂ ਖਰੀ ਖਰੀ ਕਹਾਂਗੇ, ਕੌੜਾ ਸੱਚ।

ਸਿਪਾਹੀ ਦੁਕਾਨਦਾਰ ਵੱਲ ਕ੍ਰੋਧ ਨਾਲ ਵੇਖਦੇ ਨੇ, ਤਾਂ ਉਹ ਹਥ ਜੋੜਕੇ ਸਿਪਾਹੀਆਂ ਦੇ ਪੈਰੀਂ ਹੱਥ ਲਾਉਂਦਾ ਏ।

ਦੁਕਾਨਦਾਰ– ਨਹੀਂ, ਸਰਕਾਰ! ਮੈਂ ਮੁੜਕੇ ਬਲੈਕ ਨਹੀਂ ਕਰਾਂਗਾ।

ਸਿਪਾਹੀ– ਤਾਂ, ਪਹਿਲਾਂ ਵੀ ਕਰਦਾ ਰਿਹਾ ਏਂ ? ਸਾਰੇ ਚਲੋ। ਤੁਹਾਡਾ ਫ਼ੈਸਲਾ ਕੋਤਵਾਲੀ ਚਲਕੇ ਈ ਹੋਵੇਗਾ।

ਮੋਹਨ– ਬੜੀ ਮਿਹਰਬਾਨੀ।

ਸਾਰੇ ਜਾਂਦੇ ਨੇ।

Cut

Sri Satguru Jagjit Singh Ji eLibrary NamdhariElibrary@gmail.com

## ਸੀਨ ੬੧ *Cut to cut*

ਸਮਾਂ--ਦਿਨ ਥਾਂ--ਮਨੋਹਰ ਦਾ ਹਸਪਤਾਲ ਪਾਤਰ-ਮਨੋਹਰ, ਲਾਜ, ਇਨਸਪੈਕਟਰ ਤੇ ਹੋਰ ਨੌਕਰ, ਮਰੀਜ਼

ਇਕ ਪਾਸੇ ਲਾਜ ਖਲੀ ਇਸਤਰੀਆਂ ਨੂੰ ਦਵਾਈ ਦੇ ਰਹੀ ਏ ਤੇ ਮਰਦ ਨੌਕਰ ਮਰਦਾਂ ਨੂੰ ਦਵਾਈਆਂ ਦੇ ਰਹੇ ਨੇ। ਦਫ਼ਤਰ ਵਿਚ ਮਨੋਹਰ ਆਪਣੇ ਮੇਜ਼ ਅਗੇ ਬੈਠਾ ਏ ਤੇ ਸਾਮ੍ਹਣੀ ਕੁਰਸੀ 'ਤੇ ਬਾਵਰਦੀ ਪੁਲੀਸ ਇਨਸਪੈਕਟਰ ਬੈਠਾ ਏ ।

ਇਨਸਪੈਕਟਰ–ਮਿਹਰਬਾਨੀ, ਡਾਕਟਰ ਸਾਹਿਬ! ਆਪ ਜੀ ਨੇ ਮੇਰੀ ਇਸਤਰੀ ਦੀ ਜਾਨ ਬਚਾਈ ਏ। ਆਪ ਇਕ ਵੱਡੀ ਲੋਕ-ਸੇਵਾ ਕਰ ਰਹੇ ਹੋ। ਹਰ ਅਮੀਰ ਗ਼ਰੀਬ ਨੂੰ ਆਪ ਇਕੋ ਜੇਹਾ ਜਾਣਦੇ ਓ। ਜੇ ਸਾਡੇ ਮੁਲਕ ਦੇ ਸਾਰੇ ਡਾਕਟਰ ਤੁਹਾਡੇ ਵਰਗੇ ਹੋ ਜਾਣ, ਤਾਂ ਦੇਸ ਸੁਰਗ ਬਣ ਜਾਵੇ।

ਮਨੋਹਰ- ਸਿਰਫ਼ ਡਾਕਟਰਾਂ ਦੇ ਚੰਗੇ ਹੋ ਜਾਣ ਨਾਲ ਮੁਲਕ ਸੁਰਗ ਨਹੀਂ ਬਣ ਚਲਿਆ, ਇਨਸਪੈਕਟਰ ਸਾਹਿਬ! ਮੁਲਕ ਤਦ ਸੁਰਗ ਬਣੇਗਾ, ਜਦ ਸਾਰੇ ਮਹਿਕਮਿਆਂ ਵਾਲੇ ਚੰਗੇ ਹੋ ਜਾਣਗੇ।

ਇਨਸਪੈਕਟਰ–ਡਾਕਟਰ ਜੀ! ਤੁਹਾਡੇ ਖ਼ਿਆਲ ਕਿੰਨੇ ਉੱਚੇ ਨੇ?

ਮਨੋਹਰ– ਇਹ ਮੇਰੇ ਖ਼ਿਆਲ ਨਹੀਂ, ਮੇਰੇ ਇਕ ਸੰਬੰਧੀ ਦੇ ਹਨ, ਜੋ ਦੀਵਾਨਿਆਂ ਦੀ ਸ਼ਕਲ ਵਿਚ ਇਕ ਪੂਰਨ ਬ੍ਰਹਮ ਗਿਆਨੀ ਹੈ।

ਇਨਸਪੈਕਟਰ–ਸਾਨੂੰ ਤਾਂ ਤੁਸੀਂ ਹੀ ਬ੍ਰਹਮ ਗਿਆਨੀ ਦੀਹਦੇ ਹੋ।

Sri Satguru Jagjit Singh Ji eLibrary NamdhariElibrary@gmail.com

(ਕੁਰਸੀ ਤੋਂ ਉਠਕੇ) ਹੱਛਾ, ਆ ਗਿਆ ਏ ਫਿਰ ? ਕੁਤਵਾਲੀ ਪਹੁੰਚਣਾ ਏਂ । ਮੈਂ ਚਲਦਾ ਹਾਂ।

ਹੱਥ ਮਿਲਾਕੇ ਜਾਂਦਾ ਏ।

Cut

## ਸੀਨ ੬੨

*Cut to cut*

ਸ ੇ–ਦਿਨ ਥਾਂ–ਕੁਤਵਾਲੀ ਪਾਤਰ--ਮੋਹਨ, ਸਿਪਾਹੀ ਇਨਸ:, ਹਵਾਲਦਾਰ

ਕੋਤਵਾਲੀ ਵਿਚ ਹਵਾਲਦਾਰ ਮੋਜ਼ ਲਾਈ ਬੈਠਾ ਏ। ਇਨਸ-ਪੈਕਟਰ ਦੀ ਕੁਰਸੀ ਖ਼ਾਲੀ ਹੈ। ਸਾਮ੍ਹਣੇ ਸੀਖਾਂ ਵਾਲੀ ਕੋਠੜੀ ਵਿਚ ਦੋ ਸਿਪਾਹੀ ਦੁਕਾਨਦਾਰ ਤੇ ਮੋਹਨ ਨੂੰ ਦਾਖ਼ਲ ਕਰ ਰਹੇ ਨੇਂ।

ਸਿਪਾਹੀ-- (ਮੋਹਨ ਨੂੰ ਧੱਕਾ ਮਾਰਕੇ) ਚਲ ਅੰਦਰ।

ਮੋਹਨ-- ਤੁਹਾਨੂੰ ਸਰਕਾਰ ਨੇ ਇਨਸਾਫ਼ ਕਰਨ ਵਾਸਤੇ ਰੱਖਿਆ ਏ, ਜਾਂ ਭਲੇਮਾਣਸਾਂ ਦੇ ਕਪੜੇ ਪਾੜਨ ਵਾਸਤੇ ?

ਹਵਾਲਦਾਰ-(ਕੜਕ ਕੇ) ਇਨਸਾਫ਼ ਦਾ ਠੇਕੇਦਾਰ ਵੱਡਾ। (ਸਿਪਾਹੀਆਂ ਨੂੰ) ਬੰਦ ਕਰੋ ਅੰਦਰ।

ਦੁਕਾਨਦਾਰ-(ਹਥ ਜੋੜਕੇ) ਸਰਕਾਰ! ਇਕ ਵਾਰ ਮਾਫ਼ ਕਰ ਦਿਓ। ਮੈਂ..............

ਹੱਥ ਦੀਆਂ ਦੋ ਉਂਗਲਾਂ, ਫਿਰ ਚਾਰ ਉਂਗਲਾਂ ਖਲੀਆਂ ਕਰਕੇ ਸਮਝਾਉਂਦਾ ਏ। ਇਨਸਪੈਕਟਰ ਆਉਂਦਾ ਏ। ਹਵਾਲਦਾਰ ਉਠਕੇ ਸਲਯੂਟ ਕਰਦਾ ਏ। ਸਿਪਾਹੀ ਵੀ ਸਲਯੂਟ ਕਰਦੇ ਨੇ।

Sri Satguru Jagjit Singh Ji eLibrary NamdhariElibrary@gmail.com

ਇਨਸਪੈਕਟਰ–( ਮੋਹਨ ਆਦਿ ਵੱਲ ਵੇਖਕੇ ) ਕੀ ਗੱਲ ਏ ?

ਕੁਰਸੀ 'ਤੇ ਬੈਠਦਾ ਏ।

ਹਵਾਲਦਾਰ-ਜੀ, ਕੋਈ ਆਵਾਰਾਗਰਦ ਏ ਤੇ ਦੂਜਾ ਬਲੈਕ ਮਾਰਕੀਟੀਆ।

ਮੋਹਨ-- ਮੈਂ ਆਵਾਰਾਗਰਦ ਨਹੀਂ। ਤੁਹਾਡੀ ਨਿਗ੍ਹਾ ਦਾ ਕਸੂਰ ਏ।

ਇਨਸਪੈਕਟਰ–ਮੇਰੇ ਕੋਲ ਲਿਆਓ।

ਸਿਪਾਹੀ, ਮੋਹਨ ਤੇ ਦੁਕਾਨਦਾਰ ਨੂੰ ਪੇਸ਼ ਕਰਦੇ ਨੇ।

ਇਨਸਪੈਕਟਰ–(ਮੋਹਨ ਨੂੰ ਬੜੇ ਧਿਆਨ ਨਾਲ ਵੇਖਕੇ) ਕੀ ਗੱਲ ਏ, ਸ੍ਰੀਮਾਨ ਜੀ !

ਮੋਹਨ-- ਹੱਛਾ ! ਇਸ ਮਹਿਕਮੇ ਵਿਚ ਵੀ ਅਜੇਹੇ ਭਲੇ ਪੁਰਸ਼ ਹਨ, ਜਿਨ੍ਹਾਂ ਨੂੰ ਇਨਸਾਨ ਕਿਹਾ ਜਾ ਸਕੇ ? ਤੁਸੀਂ ਨਾ ਮਿਲਦੇ, ਤਾਂ ਮੈਂ ਹੋਰ ਈ ਰਾਇ ਕਾਇਮ ਕਰ ਲੈਣੀ ਸੀ।

ਇਨਸਪੈਕਟਰ–(ਹੱਥ ਦਾ ਇਸ਼ਾਰਾ ਕਰਕੇ)ਬੈਠੋ। ਸ਼ਾਂਤੀ ਨਾਲ ਗੱਲ ਦੱਸੋ।

ਮੋਹਨ-- (ਆਸੇ ਪਾਸੇ ਵੇਖਕੇ) ਪਰ ਬੈਠਾਂ ਕਾਹਦੇ 'ਤੇ ?

ਇਨਸਪੈਕਟਰ–(ਸਿਪਾਹੀ ਨੂੰ) ਕੁਰਸੀ ਲਿਆਓ।

ਸਿਪਾਹੀ ਦੂਜੇ ਅੰਦਰੋਂ ਕੁਰਸੀ ਲਿਆਕੇ ਰਖਦਾ ਏ।

ਇਨਸਪੈਕਟਰ–ਬੈਠੋ।

ਮੋਹਨ ਬੈਠ ਜਾਂਦਾ ਏ।

ਇਨਸਪੈਕਟਰ-ਹਾਂ, ਜੀ !

ਮੋਹਨ— ਬਜ਼ਾਰ ਵਿਚ ਇਹ ਦੁਕਾਨਦਾਰ ਇਸ ਮਾਸੂਮ ਬੱਚੇ ਨੂੰ ਮਾਰ ਰਿਹਾ ਸੀ। ਮੈਂ ਇਸਨੂੰ ਅਜੇਹਾ ਕਰਨ ਤੋਂ

Sri Satguru Jagjit Singh Ji eLibrary NamdhariElibrary@gmail.com

ਰੋਕਿਆ, ਤਾਂ ਝਗੜਾ ਹੋ ਪਿਆ। ਏਸੇ ਗੱਲੋਂ ਇਹ (ਸਿਪਾਹੀਆਂ ਵੱਲ ਇਸ਼ਾਰਾ ਕਰਕੇ) ਫੜਕੇ ਲੈ ਆਏ।

ਇਨਸਪੈਕਟਰ ਦੁਕਾਨਦਾਰ ਵੱਲ ਵੇਖਦਾ ਏ, ਤਾਂ ਉਹ ਉਸ ਦੇ ਪੈਰੀਂ ਹੱਥ ਲਾ ਕੇ ਕਹਿੰਦਾ ਏ।

ਦੁਕਾਨਦਾਰ-ਹਜ਼ੂਰ, ਮਾਂ ਬਾਪ..........

ਇਨਸਪੈਕਟਰ-ਚੁਪ ਰਹੁ।

ਦੁਕਾਨਦਾਰ ਡਰ ਕੇ ਪਿਛੇ ਹਟ ਜਾਂਦਾ ਏ। ਇਨਸਪੈਕਟਰ ਬੱਚੇ ਨੂੰ ਇਸ਼ਾਰੇ ਨਾਲ ਨੇੜੇ ਬੁਲਾ ਕੇ ਪਿਆਰ ਨਾਲ ਉਸਦੇ ਮੋਢੇ 'ਤੇ ਹਥ ਫੇਰਕੇ।

ਇਨਸਪੈਕਟਰ-ਸੱਚ ਦੱਸੀਂ, ਬੇਟਾ ! ਕਿਉਂ ਮਾਰਿਆ ਤੈਨੂੰ ਤੇਰੇ ਭਾਪੇ ਨੇ ?

ਬੱਚਾ- ਇਹ ਰੋਜ਼ ਬਲੈਕ ਕਰਦਾ ਏ। ਮੈਂ ਇਹਦੇ ਆਖੇ ਨਹੀਂ ਲਗਦਾ। ਇਸ ਵਾਸਤੇ ਮੈਨੂੰ ਮਾਰਦਾ ਏ।

ਦੁਕਾਨਦਾਰ-ਹਜ਼ੂਰ .........।

ਇਨਸਪੈਕਟਰ-(ਰੁਅਬ ਨਾਲ) ਚੁਪ ਰਹੁ ! ਤੇਰੇ ਵਰਗੇ ਬਲੈਕ ਮਾਰ-ਕੀਟੀਆਂ ਨੇ ਮੁਲਕ ਦਾ ਬੇੜਾ ਗ਼ਰਕ ਕਰ ਛੱਡਿਆ ਏ। ਤੁਸੀਂ ਲੋਕ ਦੇਸ਼ ਦੇ ਦੁਸ਼ਮਣ ਓ। (ਸਿਪਾਹੀਆਂ ਨੂੰ) ਅੰਦਰ ਬੰਦ ਕਰ ਦਿਓ। (ਫਿਰ ਬੱਚੇ ਨੂੰ) ਸ਼ਾਬਾਸ਼, ਬੇਟਾ ! ਤੂੰ ਬੜਾ ਚੰਗਾ ਕਰਦਾ ਏਂ। ਰੱਬ ਕਰੇ, ਸਾਡੇ ਦੇਸ਼ ਦੇ ਸਾਰੇ ਬੱਚੇ ਤੇਰੇ ਵਰਗੇ ਹੋ ਜਾਣ। ਤੂੰ ਜਾਹ। ਦੁਕਾਨ ਸੰਭਾਲ।

ਬਚਾ ਜਾਂਦਾ ਏ।

ਇਨਸਪੈਕਟਰ-(ਮੋਹਨ ਨੂੰ) ਤੁਸੀਂ ਏਥੇ ਕਿਵੇਂ ਆਏ ਓ ?

Sri Satguru Jagjit Singh Ji eLibrary NamdhariElibrary@gmail.com

ਮੋਹਨ- ਮੈਂ ਆਪਣੇ ਇਕ ਰਿਸ਼ਤੇਦਾਰ ਨੂੰ ਲਭਦਾ ਫਿਰਦਾ ਹਾਂ।

ਇਨਸਪੈਕਟਰ-ਕੌਣ ਏਂ ਉਹ ਤੁਹਾਡਾ ਰਿਸ਼ਤੇਦਾਰ ?

ਮੋਹਨ- ਡਾਕਟਰ ਮਨੋਹਰ।

ਇਨਸਪੈਕਟਰ-ਡਾਕਟਰ ਮਨੋਹਰ ? (ਹੈਰਾਨੀ ਨਾਲ ਮੋਹਨ ਦੇ ਹੁਲੀਏ ਵੱਲ ਵੇਖਦਾ ਹੈ)।

ਮੋਹਨ- ਮੇਰੇ ਇਸ ਲਿਬਾਸ ਵਲ ਨਾ ਵੇਖੋ, ਇਨਸਪੈਕਟਰ ਸਾਹਿਬ! ਕੇਈਵਾਰ ਕਪੜਿਆਂ ਵਿਚ ਵੀ ਵੱਡੀਆਂ ਸ਼ਖ਼ਸੀਅਤਾਂ ਲੁਕੀਆਂ ਹੁੰਦੀਆਂ ਹਨ। ਅੱਜ ਡਾਕਟਰ ਮਨੋਹਰ ਸਾਮ੍ਹਣੇ ਹੋਵੇ, ਤਾਂ ਉਹ ਦੱਸੇ, ਕਿ ਮੈਂ ਕੌਣ ਹਾਂ।

ਇਨਸਪੈਕਟਰ-ਪਰ ਉਹ ਤਾਂ ਏਥੇ ਈ ਨੇ।

ਮੋਹਨ- ਕਿਥੇ ? ਮੈਨੂੰ ਛੇਤੀ ਮਿਲਾਓ।

ਇਨਸਪੈਕਟਰ ਤੇ ਮੋਹਨ ਜਾਂਦੇ ਨੇ।

**Cut**

## ਸੀਨ ੬੩

*Cut to cut*

ਸਮਾਂ—ਦਿਨ ਥਾਂ—ਸੁਖ ਦੀ ਕੋਠੀ ਪਾਤਰ—ਪੁਸ਼ਪਾ,ਸੁਖ,ਸੁਭਦਰਾਂ

ਬੀਮਾਰ ਪੁਸ਼ਪਾ ਮੰਜੀ 'ਤੇ ਵਡੇ ਸਰ੍ਹਾਣੇ ਨਾਲ ਢੋਹ ਲਾਈ ਪਈ ਏ। ਛਾਤੀ ਤਕ ਉਪਰ ਛਾਲ ਲਿਆ ਹੋਇਆ ਏ। ਇਕ ਪਾਸੇ ਕੁਰਸੀ ਉਤੇ ਸੁਭਦਰਾਂ ਤੇ ਦੂਜੇ ਪਾਸੇ ਸੁਖਦਿਆਲ ਬੈਠਾ ਏ।

ਪੁਸ਼ਪਾ— (ਮਾਂ ਦਾ ਹਥ ਫੜਕੇ) ਮਾਂ! ਸਿਰਫ਼ ਇਕਵਾਰ ਮਿਲਾ ਦਿਉ।

Sri Satguru Jagjit Singh Ji eLibrary NamdhariElibrary@gmail.com

ਫਿਰ ਪਿਉ ਵੱਲ ਵੇਖ ਕੇ ਪੁਸ਼ਪਾ ਸ਼ਰਮਾ ਜਾਂਦੀ ਏ ਤੇ ਨਿਢਾਲ ਹੋ ਕੇ ਸਿਰ੍ਹਾਣੇ 'ਤੇ ਲਟਕ ਜਾਂਦੀ ਏ।

ਸੁਭਦਰਾਂ—(ਪੁਸ਼ਪਾ ਦੇ ਸਿਰ 'ਤੇ ਹੱਥ ਫੇਰਕੇ) ਕੀਹਨੂੰ ?

ਪੁਸ਼ਪਾ— ਮੈਂ-ਮੈਂਨੂੰ ਨੂੰ।.........ਹੁਣ ਤੁਹਾਡੀ ਲਾਜ ਨੂੰ ਕੋਈ ਖ਼ਤਰਾ ਨਹੀਂ। ਮੈਂ ਇਕ-ਦੋ ਦਿਨਾਂ ਦੀ ਹੀ ਪਰਾਹੁਣੀ ਆਂ। (ਡੋਲੀ ਆਕੇ ਬੇਹੋਸ਼ ਹੋ ਜਾਂਦੀ ਏ।)

ਸੁਭਦਰਾਂ ਤੇ ਸੁਖਦਿਆਲ ਘਬਰਾ ਜਾਂਦੇ ਨੇ। ਦੋਹਾਂ ਦੀਆਂ ਅੱਖਾਂ ਵਿਚੋਂ ਹੰਝੂ ਕਿਰਦੇ ਨੇ। ਸੁਖਦਿਆਲ ਅੱਖੀਂ ਅਗੇ ਪਲਾ ਲੈ ਕੇ ਰੋਂਦਾ ਏ।

ਸੁਭਦਰਾਂ—[ਰੋਹ ਨਾਲ] ਹੁਣ ਕਿਉਂ ਰੋਂਦੇ ਓ ? ਹੁਣ ਤਾਂ ਤੁਹਾਡੀ ਲੋਕਲਾਜ ਰਹਿ ਗਈ ਏ। ਮੇਰੀ ਧੀ ਮਰ ਰਹੀ ਏ। ਮੇਰਾ ਪੁੱਤਰ ਘਰ ਘਾਟ ਛਡਕੇ ਕਿਧਰੇ ਨਿਕਲ ਗਿਆ ਏ। ਮੈਂ ਧੀਆਂ ਪੁੱਤਰ ਜਣਕੇ ਵੀ ਇਕੱਲੀ ਰਹਿ ਚੱਲੀਆਂ। ਪਰ ਤੁਹਾਡੀ ਰੀਝ ਤਾਂ ਪੂਰੀ ਹੋ ਗਈ ਨਾਂ। ਧੀ ਤੇ ਪੁੱਤਰ ਦੀ ਕੁਰਬਾਨੀ ਦੇ ਕੇ ਤੁਸਾਂ ਲੋਕਲਾਜ ਤਾਂ ਰੱਖ ਲਈ ਨਾਂ ! ਹੁਣ ਤਾਂ ਤੁਹਾਨੂੰ ਦੁਨੀਆਂ ਕੁਛ ਨਹੀਂ ਕਹੇਗੀ ਨਾਂ !

ਸੁਖਦਿਆਲ—ਪੁਸ਼ਪਾ ਦੀ ਮਾਂ ! ਮੇਰੀ ਮੱਤ ਮਾਰੀ ਗਈ ਸੀ। ਲੋਕਲੱਜ ਨੇ ਮੈਨੂੰ ਅੰਨ੍ਹਿਆ ਕਰ ਛਡਿਆ ਸੀ। ਜਮਾਂਦਰੂ ਅੰਨ੍ਹੇ ਨੂੰ ਭਾਵੇਂ ਕੁਛ ਸੁਝ ਪਏ, ਪਰ ਲੋਕ-ਲਾਜ ਦੀ ਐਨਕ ਵਿਚਦੀ ਕੁਛ ਨਹੀਂ ਦੀਹਦਾ। (ਫਿਰ ਉੱਚੀ ਧਾਹ ਮਾਰਕੇ) ਹਾਏ ਮੇਰੀ ਬੱਚੀ। ਹਾਏ ਮੇਰਾ ਮੋਹਨ।

Sri Satguru Jagjit Singh Ji eLibrary NamdhariElibrary@gmail.com

ਪੁਸ਼ਪ:— (ਮਾਂ ਵੱਲ ਤਕਕੇ) ਚੁੱਪ ਕਰਾਓ ਪਿਤਾ ਜੀ ਨੂੰ। ਮੈਂ ਤਕੜੀ ਆਂ। ਮੋਹਨ ਜ਼ਰੂਰ ਆ ਜਾਏਗਾ।(ਪਲ-ਕੁ ਚੁੱਪ ਰਹਿਕੇ)ਮਾਂ!

ਸੁਭਦਰਾਂ:– ਹਾਂ, ਬੇਟੀ!

ਪੁਸ਼ਪਾ:—ਮੈਨੂੰ ਇਕਵਾਰ ਕੌਸ਼ਲ ਕੋਲ ਲੈ ਚੱਲੋ। ਨਾਂਹ ਨਾ ਕਰਿਓ।

ਸੁਭਦਰਾਂ—ਲੈ ਚਲਦੀ ਆਂ। ਤੂੰ ਤਕੜੀ ਹੋ। ਮੈਂ ਤੇਰੇ ਬਿਨਾਂ ਨਹੀਂ ਜੀਵਾਂਗੀ, ਪੁਸ਼ਪਾ!

ਪੁਸ਼ਪਾ ਨੂੰ ਫਿਰ ਤ੍ਰੌਲੀ ਆ ਜਾਂਦੀ ਏ।

ਸੁਭਦਰਾਂ—[ਪੁਸ਼ਪਾ ਦੇ ਮੱਥੇ 'ਤੇ ਹੱਥ ਫੇਰ ਕੇ ਤੇ ਘਬਰਾ ਕੇ] ਪੁਸ਼ਪਾ!

Cut

## ਸੀਨ ੬੪ *Cut to cut*

ਸਮਾਂ—ਦਿਨ ਥਾਂ—ਮਨੋਹਰ ਦਾ ਹਸਪਤਾਲ ਪਾਤਰ--ਮਨੋਹਰ, ਲਾਜ, ਨੌਕਰ, ਮੋਹਨ, ਇਨਸਪੈਕਟਰ

ਮਨੋਹਰ ਕੁਰਸੀ 'ਤੇ ਬੈਠਾ ਲਿਖ ਰਿਹਾ ਏ। ਕੁਛ ਮਰੀਜ਼ ਸਾਮ੍ਹਣੇ ਖਲੋ ਨੇ। ਦੂਜੇ ਪਾਸੇ ਲਾਜ ਦਵਾਈਆਂ ਦੇ ਰਹੀ ਏ। ਇਨਸਪੈਕਟਰ ਤੇ ਮੋਹਨ ਜੀਪ 'ਚੋਂ ਉਤਰ ਕੇ ਆਉਂਦੇ ਨੇ।

ਮੋਹਨ-- ਮੰਨੂੰ!

ਮਨੋਹਰ-- (ਵੇਖਕੇ) ਮੋਹਨ!

ਦੋਵੇਂ ਇਕ ਦੂਜੇ ਨੂੰ ਜੱਫੀ ਵਿਚ ਲੈ ਲੈਂਦੇ ਨੇ। ਵੇਖਕੇ ਲਾਜ ਵੀ ਕੰਮ ਛਡਕੇ ਆ ਜਾਂਦੀ ਏ। ਮੋਹਨ ਡਾਕਟਰ ਨੂੰ ਛਡਕੇ ਤੇ ਲਾਜ ਨੂੰ ਵੇਖ ਕੇ।

Sri Satguru Jagjit Singh Ji eLibrary NamdhariElibrary@gmail.com

ਮੋਹਨ-- ਲਾਜ ! ਤੂੰ ਵੀ ?

ਮੋਹਨ ਲਾਜ ਨੂੰ ਜੱਫੀ ਵਿਚ ਲੈਂਦਾ ਏ । ਉਹ ਉਸਦੇ ਮੋਢੇ ਤੇ ਸਿਰ ਰਖਕੇ ਰੋਂਦੀ ਏ । ਫਿਰ ਮੋਹਨ ਲਾਜ ਨੂੰ ਛਡਕੇ ਇਨ-ਸਪੈਕਟਰ ਵੱਲ ਵੇਖ ਕੇ ਕਹਿੰਦਾ ਏ ।

ਮੋਹਨ-- ਇਨਸਪੈਕਟਰ ਸਾਹਿਬ ! ਮੈਂ ਆਪ ਜੀ ਦਾ ਬਹੁਤ ਧਨਵਾਦੀ ਹਾਂ । ਆਪ ਨੇ ਮੈਨੂੰ ਮੇਰੇ ਉਹ ਮਿੱਤਰ ਮਿਲਾ ਦਿਤੇ ਨੇ, ਜੀਹਨਾਂ ਦੀ ਭਾਲ ਵਿਚ ਮੈਂ ਕਈਆਂ ਸ਼ਹਿਰਾਂ ਦੀ ਖ਼ਾਕ ਛਾਣ ਥੱਕਾ ਸਾਂ ।

ਮਨੋਹਰ-- ਬਹੁਤ ਬਹੁਤ ਸ਼ੁਕਰੀਆ, ਇਨਸਪੈਕਟਰ ਸਾਹਿਬ !

ਇਨਸਪੈਕਟਰ-ਪਰ ਆਪ ਜੀ ਦੇ ਅਹਿਸਾਨ ਸਾਮ੍ਹਣੇ ਤਾਂ ਇਹ ਰਾਈ ਮਾਤਰ ਵੀ ਨਹੀਂ, ਡਾਕਟਰ ਸਾਹਿਬ ! ਹੱਛਾ !

ਸਿਰ ਝੁਕਾਕੇ ਜਾਂਦਾ ਏ ।

ਮੋਹਨ— (ਮਨੋਹਰ ਤੇ ਲਾਜ ਨੂੰ) ਛੇਤੀ ਤਿਆਰੀ ਕਰੋ । ਤੁਹਾਡੀ ਉਡੀਕ ਵਿਚ ਦੋ ਜਾਨਾਂ ਤੜਪ ਰਹੀਆਂ ਨੇ ।

ਮਨੋਹਰ-- ਪਰ.... .....

ਮੋਹਨ-- ਪਰ ਪੁਰ ਕੋਈ ਨਹੀਂ । ਪਲ ਭਰ ਦੀ ਢਿਲ ਕਰਨ ਨਾਲ ਵੀ ਤੁਸੀਂ ਕਦੇ ਬਖ਼ਸ਼ੇ ਨਹੀਂ ਜਾਉਗੇ । ਏਥੇ ਭਾਵੇਂ ਹਜ਼ਾਰਾਂ ਰੋਗੀਆਂ ਦੇ ਤੁਸੀਂ ਜੀਵਨ ਦਾਤਾ ਹੋਵੋ, ਪਰ ਮੇਰੀਆਂ ਨਜ਼ਰਾਂ ਵਿਚ ਤੁਸੀਂ ਭਗੌੜੇ ਕਾਤਲ ਹੋ । ਆਪਾਂ ਤਾਂ ਖਰੀ ਖਰੀ ਕਹਾਂਗੇ, ਕੌੜਾ ਸੱਚ ।

ਮਨੋਹਰ-- ( ਨੌਕਰਾਂ ਨੂੰ ) ਸਭ ਕੁਛ ਸੰਭਾਲ ਕੇ ਦੁਕਾਨ ਬੰਦ ਕਰ ਦੇਣਾ ।

ਮੋਹਨ— ਛੇਤੀ ਕਰੋ । ਜਾਂਦੇ ਨੇ । **Dissolve**

Sri Satguru Jagjit Singh Ji eLibrary NamdhariElibrary@gmail.com

# ਸੀਨ ੬੫

ਸਮਾਂ--ਦਿਨ ਥਾਂ—ਨੰਦ ਦੀ ਕਠੀ ਪਾਤਰ-ਕੌਸ਼ਲ,ਸੁਮਿਤਰਾਂ

ਕੌਸ਼ਲ ਦੇ ਹੱਥ ਵਿਚ ਲਾਜ ਦੀ ਫੋਟੋ ਹੈ । ਉਹ ਪਾਗਲਾਂ ਵਾਂਗ ਉਸ ਵੱਲ ਵੇਖ ਰਿਹਾ ਹੈ। ਸੁਮਿਤਰਾਂ ਕੋਲ ਖਲੀ ਹੈ ।

ਸੁਮਿਤਰਾਂ– (ਕੌਸ਼ਲ ਦਾ ਮੋਢਾ ਹਿਲਾ ਕੇ) ਕੌਸ਼ਲ ! ਕੌਸ਼ਲ !

ਕੌਸ਼ਲ ਉਸ ਵੱਲ ਡਰਾਉਣੀਆਂ ਅੱਖੀਂ ਨਾਲ ਵੇਖਦਾ ਏ। ਸੁਮਿਤਰਾਂ ਡਰ ਜਾਂਦੀ ਏ।

ਸੁਮਿਤਰਾਂ– ਊਘ੍ਹ ! ਮਾਂ ਮਰ ਗਈ !

ਬਾਹਰ ਜਾਂਦੀ ਏ।

**Wipe**

# ਸੀਨ ੬੬

*Wipe to wipe*

ਸਮਾਂ–ਦਿਨ ਥਾਂ—ਨੰਦ ਦੀ ਕੋਠੀ ਪਾਤਰ—ਨੰਦ,ਸੁਮਿਤਰਾਂ

ਨੰਦ ਕਸ਼ੋਰ ਬਗ਼ੀਚੇ ਵਿਚ ਨੀਵੀਂ ਪਾਈ ਖਲਾ ਏ। ਸੁਮਿਤਰਾਂ ਅੰਦਰੋਂ ਆਉਂਦੀ ਏ।

ਸੁਮਿਤਰਾਂ– ਹੁਣ ਤਾਂ ਤੁਹਾਡੇ ਕਲੇਜੇ ਠੰਢ ਪੈ ਗਈ ਏ ਨਾਂ ! ਮੇਰੇ ਪੁੱਤਰ ਦੀ ਜਾਨ ਲੈ ਕੇ ਤੁਸਾਂ ਆਪਣੀ ਲਾਜ ਤਾਂ ਬਚਾ ਲਈ ਨਾਂ ! ਹੁਣ ਤੁਸੀਂ ਇਸ ਦੁਨੀਆਂ ਵਿਚ ਖਲੋਣ ਜੋਗੇ ਤਾਂ ਰਹਿ ਜਾਉਗੇ ਨਾਂ । (ਦੁਹੱਥੜ ਮਾਰਕੇ) ਹਾਇ, ਮੇਰਾ ਕੌਸ਼ਲ ਪਾਗਲ ਹੋਇਆ ਤੜਪ ਰਿਹਾ ਏ। (ਨੰਦ ਨੂੰ) ਜ਼ਰਾ ਚੱਲਕੇ ਹਾਲ ਤਾਂ ਵੇਖੋ ਉਹਦਾ।

ਦੋਵੇਂ ਅੰਦਰ ਜਾਂਦੇ ਨੇ।

**Cut**

Sri Satguru Jagjit Singh Ji eLibrary NamdhariElibrary@gmail.com

# ਸੀਨ ੬੭          *Cut to cut*

ਸਮਾਂ--ਦਿਨ          ਥਾਂ–ਨੰਦ ਦੀ ਕੋਠੀ          ਪਾਤਰ--ਕੌਸ਼ਲ, ਸੁਮਿਤਰਾਂ, ਨੰਦ, ਪੁਸ਼ਪਾ, ਸੁਖ,ਸੁਭਦਰਾਂ,ਮੋਹਨ, ਮੰਨੂੰ,ਲਾਜ

ਕੌਸ਼ਲ ਕੁਰਸੀ ਤੇ ਬੈਠਾ ਏ, ਪੈਰ ਨੂੰ ਸੰਗਲ ਵੱਜਾ ਹੋਇਆ ਏ। ਸ਼ਕਲ ਪਾਗਲਾਂ ਵਾਂਗ ਹੈ। ਉਹ ਹਥ ਵਿਚ ਫੜੀ ਲਾਜ ਦੀ ਫੋਟੋ ਵੱਲ ਵੇਖ ਰਿਹਾ ਏ।

ਕੌਸ਼ਲ-- ਮੇਰਾ ਹਾਲ ਤਾਂ ਵੇਖ ਆਕੇ, ਲਾਜ ! ਮਾਪੇ ਮੈਨੂੰ ਪਾਗਲ ਸਮਝਦੇ ਨੇ। ਡਾਕਟਰ ਕਤਾਬਾਂ ਵਿਚੋਂ ਮੇਰਾ ਇਲਾਜ ਭਾਲਦੇ ਨੇ। ਪਰ ਮੇਰੇ ਦੁੱਖ ਦੀ ਦਵਾ ਤੇਰੇ ਕੋਲ ਏ।

ਸੁਮਿਤਰਾਂ ਤੇ ਨੰਦ ਕਸ਼ੋਰ ਅੰਦਰ ਆਉਂਦੇ ਨੇ।

ਕੌਸ਼ਲ– ਮਾਂ ! ਲਾਜ ਅਜੇ ਆਈ ਨਹੀਂ ?

ਸੁਮਿਤਰਾਂ– (ਕੌਸ਼ਲ ਦੇ ਸਿਰ ’ਤੇ ਹਥ ਫੇਰਦੀ ਹੋਈ) ਆਉਂਦੀ ਏ। ਮੋਹਨ ਉਸ ਨੂੰ ਲੈਣ ਗਿਆ ਹੋਇਆ ਏ।

ਕੌਸ਼ਲ– ਮੋਹਨ ? ਸਾਡੇ ਝਗੜੇ ਓਹੋ ਨਿਬੇੜਦਾ ਹੁੰਦਾ ਏ। ਪਰ ਉਹ ਸਾਡੀ ਪਾਰਟੀ ਦਾ ਨਹੀਂ।

ਸੁਖਦਿਆਲ ਸੁਭਦਰਾਂ ਤੇ ਪੁਸ਼ਪਾ ਅੰਦਰ ਆਉਂਦੇ ਨੇ। ਪੁਸ਼ਪਾ ਡੋਲਦੀ ਆ ਰਹੀ ਏ ਤੇ ਸਾਹ ਚੜ੍ਹਿਆ ਹੋਇਆ ਏ। ਸੁਭਦਰਾਂ ਨੇ ਉਹਨੂੰ ਬਾਹੀਂ ਵਿਚ ਸੰਭਾਲਿਆ ਹੋਇਆ ਏ। ਪੁਸ਼ਪਾ ਨੂੰ ਕੌਸ਼ਲ ਦੇ ਕੋਲ ਕੁਰਸੀ ’ਤੇ ਬਿਠਾ ਦੇਂਦੇ ਨੇ। ਬਾਕੀ ਵੀ ਬਹਿੰਦੇ ਨ।

ਪੁਸ਼ਪਾ-- (ਕੌਸ਼ਲ ਦੇ ਪੈਰ ਵੱਲ ਵੇਖ ਕੇ) ਕੌਸ਼ਲ ! ਇਹ ਕੀ ?

Sri Satguru Jagjit Singh Ji eLibrary          NamdhariElibrary@gmail.com

ਕੌਸ਼ਲ– (ਪੁਸ਼ਪਾ ਵੱਲ ਤੇ ਫਿਰ ਪੈਰ ਦੇ ਸੰਗਲ ਵੱਲ ਵੇਖਕੇ) ਇਹ ਮੁਹੱਬਤ ਕੈਦ ਕੀਤੀ ਹੋਈ ਏ ਪੁਸ਼ਪਾ ! ਦੁਨੀਆਂ ਨੂੰ ਮੁਹੱਬਤ ਦੇ ਵੀ ਨੱਸ ਜਾਣ ਦਾ ਡਰ ਰਹਿੰਦਾ ਏ। ਇਸ ਵਾਸਤੇ ਉਹ ਇਸਨੂੰ ਸੰਗਲ ਮਾਰ ਦੇਂਦੇ ਨੇ।

ਪੁਸ਼ਪਾ– (ਡਰਕੇ) ਖੋਲ੍ਹੋ। ਛੇਤੀ ਲਾਹੋ ਸੰਗਲ।

ਨੰਦ ਕਸ਼ੋਰ ਜੇਬ ਚੋਂ ਚਾਬੀਆਂ ਕਢ ਕੇ ਸੁੱਟ ਦੇਂਦਾ ਏ, ਤੇ ਸੁਮਿਤਰਾਂ ਸੰਗਲ ਲਾਹੁੰਦੀ ਏ।

ਪੁਸ਼ਪਾ– (ਸਾਹ ਠੀਕ ਕਰਕੇ) ਕੌਸ਼ਲ ! ਮੈਂ ਤੇਥੋਂ ਇਕ ਪ੍ਰਣ ਲੈਣ ਆਈ ਆਂ।

ਕੌਸ਼ਲ ਉਸ ਵੱਲ ਵੇਖਦਾ ਏ।

ਪੁਸ਼ਪਾ– ਮੋਹਨ ਗਿਆ ਖ਼ਾਲੀ ਨਹੀਂ ਮੁੜੇਗਾ। ਉਹ ਲਾਜ ਨੂੰ ਲੈਕੇ ਆਵੇਗਾ, ਤੂੰ ਉਸੇ ਦੀ ਅਮਾਨਤ ਏਂ। ਬਚਨ ਦਿਹ, ਕਿ ਤੂੰ ਉਸ ਨਾਲ ਵਿਆਹ ਕਰ ਲਵੇਂਗਾ, ਤੇ ਜਿੰਨਾ ਚਿਰ ਉਹ ਨਹੀਂ ਆਉਂਦੀ, ਤੂੰ ਉਹਦੀ ਉਡੀਕ ਵਿਚ ਜੀਵੇਂਗਾ।

ਕੌਸ਼ਲ– ਪੁਸ਼ਪਾ !...............

ਪੁਸ਼ਪਾ– (ਦੂਜਿਆਂ ਵੱਲ ਧਿਆਨ ਕਰਕੇ) ਕੀ ਤੁਹਾਨੂੰ ਵੀ ਇਹ ਬਚਨ ਪਰਵਾਨ ਏ ?

ਚਾਰੇ– ਸਾਨੂੰ ਪਰਵਾਨ ਏ।

ਸੁਮਿਤਰਾਂ– ਪਰ ਤੂੰ ਤਕੜੀ ਹੋ ਪੁਸ਼ਪਾ ! ਮਨੋਹਰ ਲਭ ਗਿਆ, ਤਾਂ ਤੇਰਾ ਵਿਆਹ ਉਹਦੇ ਨਾਲ ਕਰ ਦਿਆਂਗੇ।

ਮੋਹਨ ਅੰਦਰ ਆਉਂਦਾ ਏ।

ਮੋਹਨ– ਤਾਂ ਉਹਨਾਂ ਦੋਹਾਂ ਨੂੰ ਮੈਂ ਲਭ ਲਿਆਂਦਾ ਏ।

Sri Satguru Jagjit Singh Ji eLibrary NamdhariElibrary@gmail.com

ਮਨੋਹਰ ਤੇ ਲਾਜ ਆਉਂਦੇ ਨੇ।

ਸਾਰੇ— (ਕਠਿਆਂ ਵਾਜਾਂ) ਮੰਨੂੰ! ਲਾਜ! ਪੁਸ਼ਪਾ! ਕੌਸ਼ਲ!

ਸਾਰੇ ਇਕ ਦੂੱਜੇ ਵੱਲ ਵਧਦੇ ਨੇ ਤਾਂ ਪਦਰਾ ਡਿਗਦਾ ਏ।

**Dissolve**

## ਸੀਨ ੬੯

ਸਮਾਂ—ਦਿਨ ਥਾਂ—ਨੰਦ ਦੀ ਕੋਠੀ ਪਾਤਰ—ਸਾਰੇ

ਕੋਠੀ ਦੇ ਸਾਮ੍ਹਣੇ ਸਾਰੇ ਖਲੇ ਨੇ। ਇਕ ਪਾਸੇ ਕੌਸ਼ਲ ਤੇ ਲਾਜ, ਇਕ ਪਾਸੇ ਪੁਸ਼ਪਾ ਤੇ ਮਨੋਹਰ, ਪਿਛਲੇ ਪਾਸੇ ਇਕ ਪਾਸੇ ਸੁਮਿਤਰਾਂ ਤੇ ਨੰਦ ਕਸ਼ੋਰ, ਇਕ ਪਾਸੇ ਸੁਭਦਰਾਂ ਤੇ ਸੁਖਦਿਆਲ ਤੇ ਵਿਚਕਾਰ ਇਕਲਾ ਮੋਹਨ। ਸਾਰੇ ਖੁਸ਼ ਹਨ।

ਮੋਹਨ— ਸੁਣੋ। (ਆਪਣੀ ਹਿੱਕ ਵੱਲ ਇਸ਼ਾਰਾ ਕਰਕੇ) ਜੱਜ ਸਾਹਿਬ ਦਾ ਫ਼ੈਸਲਾ ਸੁਣੋ। ਤੁਸੀਂ ਨਿਕਿਆਂ ਹੁੰਦਿਆਂ ਤੋਂ ਲੜਦੇ ਆਏ ਓ। ਮੈਂ ਤੁਹਾਡੇ ਨਿਤ ਦੇ ਝਗੜੇ ਦਾ ਫ਼ੈਸਲਾ ਕਰਦਾ ਹਾਂ। (ਕੌਸ਼ਲ ਤੇ ਲਾਜ ਵੱਲ ਇਸ਼ਾਰਾ ਕਰਕੇ) ਜਾਓ। (ਫਿਰ ਪੁਸ਼ਪਾ ਤੇ ਮਨੋਹਰ ਵੱਲ) ਜਾਓ।

ਦੋਵੇਂ ਜੋੜੀਆਂ ਜਾਂਦੀਆਂ ਨੇ।

ਮੋਹਨ— (ਦਰਸ਼ਕਾਂ ਵੱਲ ਇਸ਼ਾਰਾ ਕਰਕੇ) ਤੁਸੀਂ ਵੀ ਜਾਓ ਹੁਣ।

ਸਮਾਪਤ

੧੦. ੩. ੫੧. ਈ:

26-3-1997

26-3-1997

10-3-1951

Sri Satguru Jagjit Singh Ji eLibrary NamdhariElibrary@gmail.com



ਗਿਆਨੀ ਸੋਹਣ ਸਿੰਘ "ਸੀਤਲ"

Satguru Jagjit Singh Ji eLibrary NamdhariElibrary@gmail.co